I N T E R N A T I O N A L   M A G A Z I N E
RNI No. 61816/95

Date of Publishing :19/02/2025
Page No. from 1 to 60
Date of posting
Last Date of Every Month
Posted by MBU

Postal Regd. No. CHD/0081/2024-26

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਜੁਲਾਈ 2026



### ਪੀਰ ਬੁੱਧੂ ਸ਼ਾਹ ਜੀ

ਆਪ ਜੀ ਸੱਯਦ ਮੁਸਲਮਾਨ ਹੁੰਦਿਆਂ ਹੋਇਆਂ ਵੀ ਗੁਰੂ-ਘਰ ਦੇ ਅਨਿਨ ਸੇਵਕ ਸਨ। ਭੰਗਾਣੀ ਦੀ ਜੰਗ ਵਿੱਚ ਆਪ ਜੀ ਦੇ ਦੋ ਪੁੱਤਰ, ਇਕ ਭਰਾ ਅਤੇ ਸੈਂਕੜੇ ਮੁਰੀਦ ਸ਼ਹੀਦ ਹੋ ਗਏ ਸਨ। ਗੁਰੂ ਸਾਹਿਬ ਜੀ ਨੇ ਭੰਗਾਣੀ ਦੀ ਜੰਗ ਜਿੱਤਣ ਉਪਰੰਤ ਉਨ੍ਹਾਂ ਨੂੰ ਆਪਣਾ ਕੰਘਾ ਕੇਸਾਂ ਸਮੇਤ ਬਖਸ਼ਿਸ਼ ਕੀਤਾ ਸੀ।

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

# ਆਤਮ ਮਾਰਗ

ਸਾਲ-ਬੱਤੀਵਾਂ, ਮਹੀਨਾ-ਜੁਲਾਈ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਸੰਤ ਬਾਬਾ ਹਰਪਾਲ ਸਿੰਘ ਜੀ |

ਮੈਨੇਜਿੰਗ ਐਡੀਟਰ — ਭਾਈ. (ਡਾ.) ਸੁਖਵਿੰਦਰ ਸਿੰਘ ਜੀ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 94172-14391, 94172-14379

Email :atammarg1@yahoo.co.in

**Registration Under Foreign Contribution (Regulation) Act 1976 R. No. 115320023**

## Postal Address for any Enquiry, Money Order, Cheque and drafts :

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

## SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

**Please visit us on internet at :-**

For Atam Marg Email : atammarg1@yahoo.co.in,

Website & Live video -

https://gurdwaraisherprakashratwarasahib.com
www.ratwarasahib.org, www.ratwarasahib.com
www.vgrmct.org

Apps: RATWARASAHIB TV, (for both apple & andriod) (Availeble 24 Hours)

**Live Programm& Cable Tv Network**

98728-14385, 94172-14385, 98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -

94172-14378, 94172-14384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਰਤਵਾੜਾ ਸਾਹਿਬ ਹਸਪਤਾਲ : 95922-12900
6. ਬੀ.ਐਡ. ਕਾਲਜ (ਪ੍ਰਿੰਸੀਪਲ) 78888-40565
7. ਨਰਸਿੰਗ ਸਕੂਲ (ਪ੍ਰਿੰਸੀਪਲ) 79862-35675
8. ਬਿਰਧ ਆਸ਼ਰਮ 98157-28220

## ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ ਲੰਗਰ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

ਹੋਰ ਸੰਪਰਕ ਨੰਬਰ

98889-10777, 96461-01996, 94172-14381

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 9

*ਭਾਈ (ਡਾ.) ਸੁਖਵਿੰਦਰ ਸਿੰਘ*

3. ਚਉਥੈ ਪਹਰਿ ਸਬਾਹ ਕੈ.............॥ 11

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਮੰਝ ਪਿਆਰਾ ਗੁਰੂ ਨੂੰ.......। 16

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਗੁਰਬਾਣੀ ਅਨੁਸਾਰ ਸੰਤ ਕੌਣ ਹੈ? 26

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਜਿਨ ਹਰਿ ਜਪਿਆ ਸੇ ਹਰਿ ਹੋਏ......॥ 36

*ਸੰਤ ਬਾਬਾ ਲਖਬੀਰ ਸਿੰਘ ਜੀ*

7. ਕਿਨਕਾ ਏਕ ਜਿਸੁ ਜੀਅ ਬਸਾਵੈ ॥ 41

*ਸੰਤ ਬਾਬਾ ਹਰਪਾਲ ਸਿੰਘ ਜੀ*

8. ਜਨ ਪਰਉਪਕਾਰੀ ਆਏ - ਭਾਗ 4 46

*ਪ੍ਰੋ. ਗੁਰਦੇਵ ਸਿੰਘ*

9. ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 49

*ਡਾ. ਇੰਦਰਜੀਤ ਸਿੰਘ ਗੋਗੋਆਣੀ*

10. ਗੁਰੂ ਨਾਨਕ ਆਗਮਨ 52

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

11. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ
# ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

'ਆਤਮ ਮਾਰਗ' ਦੇ ਪਾਂਧੀਆਂ ਨੂੰ ਦੋ ਸ਼ਕਤੀਆਂ ਨਾਲ ਸਮਤੋਲ ਬਣਾ ਕੇ ਚੱਲਣ ਦੀ ਅਤੀਅੰਤ ਜ਼ਰੂਰਤ ਹੁੰਦੀ ਹੈ। ਇਨ੍ਹਾਂ ਦੋਨਾਂ ਵਿਚ ਇਕ ਨਿਰੰਕਾਰ ਹੈ ਦੂਜਾ ਸੰਸਾਰ। ਜੋ ਕੁਝ ਨਜ਼ਰ ਆ ਰਿਹਾ ਹੈ ਭਾਵ ਦਿਸਦਾ ਹੈ ਇਹ ਸੰਸਾਰ ਹੈ ਤੇ ਜੋ ਨਜ਼ਰ ਨਹੀਂ ਆਉਂਦਾ ਭਾਵ ਅਣਦਿਸਦਾ ਹੈ ਉਹ ਨਿਰੰਕਾਰ ਹੈ। ਇਸ ਅਬੁੱਝ ਬੁਝਾਰਤ ਨੂੰ ਸਮਝਣ ਲਈ ਕਿਸੇ ਰੱਬ ਦੇ ਪਿਆਰੇ ਦਾ ਬਚਨ ਸਹਾਈ ਹੁੰਦਾ ਹੈ ਕਿ ਜੋ ਸੱਚ ਹੈ ਉਹ ਦਿਸਦਾ ਨਹੀਂ ਤੇ ਜੋ ਦਿਸਦਾ ਹੈ ਉਹ ਸੱਚ ਨਹੀਂ। ਸੰਸਾਰ ਦੀ ਖੋਜ ਕਰਨ ਵਾਲਾ ਸਾਇੰਟਿਸਟ (ਵਿਗਿਆਨੀ) ਹੈ ਤੇ ਆਪਣੇ ਆਪ (ਨਿਰੰਕਾਰ) ਦੀ ਖੋਜ ਕਰਨ ਵਾਲਾ ਸੰਤ ਹੈ ਪਰ ਜਗਿਆਸੂ ਜਨ ਨੂੰ ਆਤਮ ਮਾਰਗ 'ਤੇ ਚੱਲਣ ਲਈ ਦੋਨਾਂ ਦਾ ਸਮਤੋਲ ਬਣਾ ਕੇ ਚੱਲਣਾ ਜ਼ਰੂਰੀ ਹੈ। ਇਹ ਰੂਹਾਨੀ ਪੌੜੀ ਦਾ ਪਹਿਲਾ ਡੰਡਾ ਹੈ। ***'ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥' (ਅੰਗ-੬੨੨)*** ਪਵਿੱਤਰ ਬਾਣੀ ਸਾਡੇ ਲਈ ਚਾਨਣ ਮੁਨਾਰਾ ਹੈ, ਲਾਈਟ ਹਾਊਸ ਹੈ। ***'ਗੁਰਬਾਣੀ ਇਸੁ ਜਗ ਮਹਿ ਚਾਨਣੁ'*** ਗੁਰਬਾਣੀ ਰੂਪੀ ਰੋਸ਼ਨੀ ਨਾਲ ਜਦੋਂ ਆਤਮ ਮਾਰਗ ਦਾ ਪੈਂਡਾ ਤੈਅ ਕੀਤਾ ਜਾਵੇ ਤਾਂ ਸੰਸਾਰ ਤੇ ਨਿਰੰਕਾਰ ਵਿਚਾਲੇ ਸਮਤੋਲ ਬਣਾਉਣਾ ਸੁਖੈਨ ਹੋ ਜਾਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ ***'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥'*** ਵਿਹਾਰਕ ਰੂਪ ਵਿਚ ਇਹ ਸੱਚ ਹੈ ਕਿ ਸੰਸਾਰ ਦੇ ਆਪਣੇ ਪੈਮਾਨੇ ਹਨ। ਆਪਣੇ ਤੱਤ ਹਨ ਜਿਨ੍ਹਾਂ ਰਾਹੀਂ ਨਾਪ ਤੋਲ ਕੀਤਾ ਜਾਂਦਾ ਹੈ ਪਰ ਨਿਰੰਕਾਰੀ ਪੁਰਸ਼ਾਂ ਦੇ ਪੈਮਾਨੇ, ਨਾਪ ਤੋਲ ਦੇ ਹੋਰ ਹਨ। ਇਹ ਸੰਸਾਰੀ ਬੰਦੇ ਦੇ ਸਮਝ ਵਿਚ ਆਉਣ ਵਾਲੇ ਨਹੀਂ ਹਨ। ਤਾਂਹੀ ਬਾਣੀ ਫੁਰਮਾਨ ਕਰਦੀ ਹੈ ਕਿ ਭਗਤ ਤੇ ਸੰਸਾਰੀ ਬੰਦੇ ਦਾ ਕਦੇ ਜੋੜ ਨਹੀਂ ਹੋ ਸਕਦਾ। ਸੰਸਾਰੀ ਸਾਇੰਟਿਸਟ ਹੈ, ਵਿਗਿਆਨੀ ਹੈ ਉਸ ਕੋਲ ਲੈਬ ਹੈ ਜਿਸ ਰਾਹੀਂ ਨਤੀਜਾ ਕੱਢ ਕੇ ਦੇਖਿਆ ਜਾ ਸਕਦਾ ਹੈ। ਉਹ ਪੰਜ ਕਰਮ ਇੰਦਰਿਆਂ ਤੇ ਗਿਆਨ ਇੰਦਰਿਆਂ ਅਤੇ ਅੰਤਸ਼ਕਰਣ ਦੇ ਵਿਭਾਗ (ਮਨ+ਚਿਤ+ਬੁੱਧ+ਅਹੰਭਾਵ) ਦੀ ਸਹਾਇਤਾ ਨਾਲ ਨਤੀਜੇ ਕੱਢਦਾ ਹੈ ਪਰ ਨਿਰੰਕਾਰੀ ਪੁਰਸ਼ ਇਨ੍ਹਾਂ ਇੰਦਰਿਆਵੀ ਸਾਧਨਾਂ ਤੋਂ ਉਪਰ ਉੱਠ ਕੇ ਗੁਰੂ ਵਲੋਂ ਬਖਸ਼ੇ ਗਿਆਨ ਦੇ ਨੇਤਰਾਂ ਰਾਹੀਂ, ਉਨ੍ਹਾਂ ਵਲੋਂ ਬਖਸ਼ੇ ਦਿੱਬ ਨੈਣਾਂ ਰਾਹੀਂ, ਦਿੱਬ ਕੰਨਾਂ ਰਾਹੀਂ ਰੂਹਾਨੀ ਮਾਰਗ/ਆਤਮ ਮਾਰਗ ਦਾ ਪੈਂਡਾ ਤੈਅ ਕਰਦਾ ਹੈ-

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

ਸੰਸਾਰੀ ਪੁਰਸ਼ ਦੀ ਸੋਚ ਹੈ ਕਿ ਮੇਰੇ ਵਰਗਾ ਹੋਰ ਕੋਈ ਚੰਗਾ ਨਹੀਂ ਹੈ। ਮੈਂ ਕੁਝ ਵੀ ਗਲਤ ਨਾ ਕੀਤਾ, ਨਾ ਹੀ ਕਰਦਾ ਹਾਂ ਤੇ ਨਾ ਹੀ ਕਰਨਾ ਹੈ। ਇਸ ਕਰਕੇ ਮੈਂ ਚੰਗਾ ਹਾਂ ਪਰ ਰੱਬੀ ਪੁਰਸ਼ ਦੀ ਸੋਚ ਇਸ ਤੋਂ ਵਿਪਰਤੀ ਹੈ। ਦਿਸ਼ਾ ਅਤੇ ਦਸ਼ਾ ਦੋਨਾਂ ਦੀ ਜ਼ਮੀਨ ਅਸਮਾਨ ਦਾ ਫਰਕ ਰਖਦੀ ਹੈ। ਨਿਰੰਕਾਰੀ ਪੁਰਸ਼ ਗੁਰਬਾਣੀ ਦੀ ਰੋਸ਼ਨੀ ਵਿਚ ਜੀਵਨ ਬਸਰ ਕਰਦਾ ਹੈ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਪ੍ਰਣਵਤਿ ਨਾਨਕੁ ਤਾਰੇ ਸੋਇ ॥* *ਅੰਗ - ੭੨੮*

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*
*ਅੰਗ - ੧੩੬੪*

ਗੁਰਬਾਣੀ ਦੀ ਰੋਸ਼ਨੀ ਰਾਹੀਂ ਪੁਸ਼ਟੀ ਹੋ ਗਈ ਹੈ ਕਿ ਸੰਸਾਰੀ ਤੇ ਰੱਬੀ ਪੁਰਸ਼ਾਂ ਦੇ ਰਸਤੇ ਅਲੱਗ-ਅਲੱਗ ਹਨ। ਫੁਰਮਾਨ ਹੈ -

*ਭਗਤਾ ਕੀ ਚਾਲ ਨਿਰਾਲੀ ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ*
*ਹਰਿ ਵਾਸਨਾ ਸਮਾਣੀ ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥*
*ਅੰਗ - ੯੧੮*

ਇਹ ਆਤਮ ਮਾਰਗ ਦਾ ਪੈਂਡਾ ਹੈ। ਜਿਸ ਰਾਹੀਂ ਰੱਬੀ ਪੁਰਸ਼ ਮੰਜ਼ਿਲ-ਏ-ਮਕਸੂਦ ਨੂੰ ਪ੍ਰਾਪਤ ਕਰਦਾ ਹੈ।

ਬੁੱਲ੍ਹੇਸ਼ਾਹ ਦੇ ਮੁਰਸ਼ਦ ਅਨਾਇਤ ਸ਼ਾਹ ਨੇ ਰਮਜ਼ੀ ਬਚਨ ਵਿਚ ਇਸ ਅਬੁੱਝ ਬੁਝਾਰਤ ਨੂੰ ਸਮਝਾ ਦਿਤਾ ਕਿ -

*ਬੁੱਲਿਆ ਰੱਬ ਦਾ ਕੀ ਪਾਉਣਾ।*
*ਇਧਰੋਂ ਪੁਟਣਾ ਉਧਰ ਲਾਉਣਾ।*

ਉਹ ਪਿਆਜ਼ਾਂ ਦੀ ਪੌਦ ਪੁੱਟ ਕੇ ਲਾ ਰਹੇ ਸੀ। ਸਮਝਾ ਦਿਤਾ ਕਿ ਮਨ ਸੰਸਾਰ ਵਾਲੇ ਪਾਸੇ ਤੋਂ ਹਟਾ ਕੇ ਨਿਰੰਕਾਰ ਵਾਲੇ ਪਾਸੇ ਲਾਉਣਾ ਇਹੀ ਆਤਮ ਮਾਰਗ ਦਾ ਭੇਦ ਹੈ। ਰੱਬੀ ਫਕੀਰ, ਮਨਸੂਰ ਦਾ ਫੁਰਮਾਨ ਹੈ ਕਿ ਇਕ ਕਦਮ ਸੰਸਾਰ ਵਲੋਂ ਪਟੋਗੇ ਤਾਂ ਦੂਸਰਾ ਕਦਮ ਆਪਣੇ ਆਪ ਹੀ ਨਿਰੰਕਾਰ ਵਲ ਚਲਿਆ ਜਾਵੇਗਾ। ਲੋੜ ਆਪਣੇ ਆਪ ਨੂੰ ਸੰਸਾਰਿਕ, ਸ਼ੈਆਂ ਤੋਂ ਮੋੜਨ ਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਸਮਝਾ ਦਿਤਾ ਕਿ ਸੰਸਾਰ ਵਿਚ ਰਹਿੰਦੇ ਹੋਏ ਸੰਸਾਰੀ ਨਹੀਂ ਬਣਨਾ।ਭਾਵ attachment ਨਹੀਂ ਰੱਖਣੀ, detached ਰਹਿਣਾ ਹੈ।

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥* *ਅੰਗ - ੯੩੮*

*ਅੰਜਨ ਮਾਹਿ ਨਿਰੰਜਨਿ ਰਹੀਐ*
*ਜੋਗ ਜੁਗਤਿ ਇਵ ਪਾਈਐ ॥* *ਅੰਗ - ੭੩੦*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ - ੧੩੭੬*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫੁਰਮਾਨ ਹੈ -

*ਰੇ ਮਨ ਐਸੋ ਕਰਿ ਸੰਨਿਆਸਾ॥*
*ਬਨ ਸੇ ਸਦਨ ਸਬੈ ਕਰਿ ਸਮਝਹੁ*
*ਮਨ ਹੀ ਮਾਹਿ ਉਦਾਸਾ॥* *ਰਾਮਕਲੀ ਪਾਤਸ਼ਾਹੀ ੧੦*

ਐਸੇ ਪੁੱਗ ਚੁੱਕੇ ਸਤਿਪੁਰਸ਼ਾਂ ਬਾਰੇ ਫੁਰਮਾਨ ਹੈ, ਉਨ੍ਹਾਂ ਦੀ ਇਹ ਨਿਸ਼ਾਨੀ ਹੈ ਕਿ -

*ਭਗਤ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ॥* *ਭਾਈ ਗੁਰਦਾਸ ਜੀ*

ਇਹ ਇਕ ਗੁਰਮਤਿ ਦੇ ਗਾਡੀ ਰਾਹ ਦੀ ਜੀਵਨ ਜੁਗਤਿ ਹੈ। ਐਸੀ ਜੀਵਨ ਜੁਗਤਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਵਿਚੋਂ ਮਿਲਦੀ ਹੈ ਕਿ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ - ੫੨੨*

ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਇਸ ਜੀਵਨ ਜੁਗਤਿ ਨੂੰ ਧਾਰਨ ਕਰਨ ਦੀ ਤਾਕੀਦ ਕੀਤੀ ਗਈ ਹੈ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* *ਅੰਗ - ੨੯੫*

ਦੇ ਸਿਧਾਂਤ 'ਤੇ ਚਲਦਿਆਂ ਜੀਵਨ ਬਸਰ ਕਰਨਾ ਹੈ। ਸਬਰ, ਸੰਤੋਖ ਰਖਦੇ ਹੋਏ, ਧੀਰਜ, ਖਿਮਾ, ਦਇਆ, ਪਰਉਪਕਾਰੀ, ਮਿੱਠਾ ਬੋਲਣਾ, ਸੌਚ, ਸੰਜਮ ਵਾਲੇ ਗੁਣ ਧਾਰਨ ਕਰਕੇ ਧਰਮ ਦੇ ਧਾਰਨੀ ਬਣਨਾ ਹੈ। ਇਹ ਧਰਮ ਦੇ ਦਸ ਪੀਲਰ ਹਨ, ਦਸ ਥੰਮ ਹਨ, ਜਿਨ੍ਹਾਂ ਦੇ ਉਤੇ ਧਰਮ ਦੀ ਉਸਾਰੀ ਹੁੰਦੀ ਹੈ। ਇਨ੍ਹਾਂ ਤੋਂ ਬਗੈਰ ਕੋਈ ਮਨੁੱਖ ਕਿਸੇ ਵੀ ਫਿਰਕੇ ਨਾਲ, ਮਜ਼੍ਹਬ ਨਾਲ ਸਬੰਧ ਰਖਦਾ ਹੋਵੇ ਉਹ ਧਰਮੀ ਨਹੀਂ ਹੋ ਸਕਦਾ। ਧਰਮੀ ਹੋਣਾ ਤੇ ਧਰਮੀ ਦਿਸਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਸੱਜਣ ਠੱਗ ਧਰਮੀ ਦਿਸਦਾ ਸੀ ਪਰ ਧਰਮੀ ਹੈ ਨਹੀਂ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੀ ਬਖਸ਼ਿਸ਼ ਹੋਈ, ਬਾਣੀ ਦਾ ਬਾਣ ਵੱਜਿਆ ਸੱਜਣਾ!

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥*
*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥*
*ਅੰਗ- ੭੨੯*

ਨਾਮ ਦਾ ਹੀ ਸੱਜਣ ਹੈਂ ਜਾਂ ਸੱਚਮੁੱਚ ਸੱਜਣ ਹੈਂ ਪਿਆਰਿਆ!

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥* *ਅੰਗ - ੭੨੯*

*ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥*
*ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ ॥*
*ਅੰਗ - ੧੪੨੬*

ਕੀ ਤੇਰੇ ਵਿਚ ਸੱਜਣਾਂ ਵਾਲੇ ਗੁਣ ਹਨ? ਢਹਿ ਪਿਆ ਚਰਨਾਂ 'ਤੇ -

*ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥*
*ਅੰਗ- ੮੦੯*

*ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥*
*ਅੰਗ - ੨੬੧*

ਹੋ ਗਈ ਬਖਸ਼ਿਸ਼ ਸਮਰੱਥ ਗੁਰੂ ਦੀ ਅਸਲੀ ਸੱਜਣ ਬਣਾ ਦਿਤਾ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ - ੫੪੪*

*ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ*
*ਮਾਰਿ ਕਢੀਆ ਬੁਰਿਆਈਆ ॥* *ਅੰਗ - ੪੭੩*

ਸੱਜਣ ਠੱਗ, ਭਾਈ ਸੱਜਣ ਬਣ ਗਿਆ। ਮਿਲ ਗਿਆ ਨਵਾਂ ਰੂਪ। ਨਾਮ ਉਹੀ ਰਿਹਾ ਪਰ ਨਾਮ ਦੀ ਪਰਿਭਾਸ਼ਾ ਅਤੇ ਲੱਛਣ ਬਦਲ ਗਏ। ਨਵੀਂ ਰੂਹ ਸੱਚੇ ਪਾਤਸ਼ਾਹ ਨੇ ਭਰ ਦਿਤੀ ਸੱਜਣ ਠੱਗ ਦੇ ਅੰਦਰ। ਇਹ ਇਕ ਨਵਾਂ ਜਨਮ ਹੈ। ਨਵੇਂ ਮਾਰਗ ਦਾ ਰੂਹਾਨੀ ਸੰਸਾਰ ਹੈ। ਪਹਿਲੀ ਮੰਜੀ ਗੁਰਮਤਿ ਦੇ ਪ੍ਰਚਾਰ ਦੀ, ਭਾਈ ਸੱਜਣ ਨੂੰ ਬਖਸ਼ੀ ਕਿ ਜਾਉ! ***'ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥'*** ***(ਅੰਗ-290)*** ਦੇ ਸਿਧਾਂਤ 'ਤੇ ਚਲਦਿਆਂ ਹੋਰਨਾਂ ਨੂੰ ਆਤਮ ਮਾਰਗ ਦੀ ਸੋਝੀ ਕਰਾਓ।

ਦੂਸਰਾ ਪ੍ਰਮਾਣ ਭੂਮੀਏ ਚੋਰ ਦਾ ਹੈ। ਸੱਚੇ ਪਾਤਸ਼ਾਹ, ਨੂਰਾਂ ਦੇ ਨੂਰ, ਸ੍ਰੀ ਗੁਰੂ ਨਾਨਕ ਸਾਹਿਬ ਦੀ ਬਖਸ਼ਿਸ਼ ਹੋਈ। ਭੂਮੀਆ! ਇਹ ਪ੍ਰਸ਼ਾਦਾ ਆਪਣੀ ਕਮਾਈ ਦਾ ਹੈ ਜਾਂ ਪਾਪ ਦੀ ਕਮਾਈ ਦਾ ਹੈ?

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥*
*ਅੰਗ - ੧੪੧*

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ ਅੰਗ - ੧੪੦*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥*
*ਕਹਤੁ ਕਬੀਰੁ ਕੋਈ ਨਹੀ ਤੇਰਾ ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥* *ਅੰਗ - ੬੫੬*

ਆ ਗਈ ਸੋਝੀ ਭੂਮੀਏ ਨੂੰ। ਢਹਿ ਪਿਆ ਚਰਨਾਂ 'ਤੇ। ਤਿੰਨ ਬਚਨ ਦੇ ਕੇ ਬਣਾ ਦਿਤਾ ਭਾਈ ਭੂਮੀਆ। ਜੁਗਤੀ ਨਾਲ ਮੁਕਤੀ ਕਰ ਦਿਤੀ ਸੱਚੇ ਪਾਤਸ਼ਾਹ ਨੇ। ਇਹ ਸ੍ਰੀ ਗੁਰੂ ਨਾਨਕ ਸਾਹਿਬ ਦਾ ਦਰ ਹੈ ਜਿਥੇ ਕਰੋੜਾਂ-ਕਰੋੜਾਂ ਪਾਪ ਕਰਨ ਵਾਲੇ, ਅਣਗਿਣਤ ਪਾਪੀ ਤਰੇ ਹਨ। ਕਿਸੇ ਕਵੀ ਦੀ ਉਡਾਰੀ ਹੈ -

*ਦਾਤਾ ਤੇਰੇ ਦਰ ਉਤੇ ਲੱਖਾਂ ਪਾਪੀ ਤਰਦੇ ਦੇਖੇ ਨੇ,*
*ਜਿਹੜੇ ਪਾਣੀ ਦਾ ਘੁੱਟ ਨਹੀਂ ਦਿੰਦੇ*
*ਉਹ ਪਾਣੀ ਭਰਦੇ ਦੇਖੇ ਨੇ।*

ਵਲੀ ਕੰਧਾਰੀ, ਪਾਣੀ ਨਹੀਂ ਸੀ ਦੇ ਰਿਹਾ। ਫਿਕੇ ਬੋਲ ਬੋਲਿਆ, ਭਾਈ ਮਰਦਾਨਾ ਜੀ ਨੂੰ। ਸੱਚੇ ਪਾਤਸ਼ਾਹ ਨੇ ਪਵਿੱਤਰ ਚਰਨ ਦੇ ਅੰਗੂਠੇ ਨਾਲ ਧਰਤੀ ਨੂੰ ਖੋਦਿਆ ਤੇ ਪਵਿੱਤਰ ਅੰਮ੍ਰਿਤ ਮਈ ਜਲ ਦੀ ਧਾਰਾ ਵਹਿ ਗਈ। ਲੈ ਮਰਦਾਨਿਆ! ਇਸ਼ਨਾਨ ਵੀ ਕਰ ਤੇ ਰੱਜ-ਰੱਜ ਕੇ ਛਕ ਤੇ ਛਕਾ। ਵਲੀ ਕੰਧਾਰੀ ਵਲੋਂ ਰੋਹ ਵਿਚ ਸੁੱਟਿਆ ਪੱਥਰ, ਸੱਚੇ ਪਾਤਸ਼ਾਹ ਨੇ ਪਵਿੱਤਰ ਹਸਤ ਕਮਲਾਂ ਨਾਲ ਰੋਕ ਲਿਆ। ਪਵਿੱਤਰ ਪੰਜਾ ਛਪ ਗਿਆ। ਸੰਸਾਰੀਆਂ ਨੇ ਖੁਰਚਣ ਦੀ ਕੋਸ਼ਿਸ਼ ਕੀਤੀ ਪਰ ਪੰਜਾ ਉਸੇ ਤਰ੍ਹਾਂ ਅੱਜ ਵੀ ਕਾਇਮ ਹੈ। 'ਪੰਜਾ ਸਾਹਿਬ' ਬਣ ਕੇ ਅੱਜ ਬਖਸ਼ਿਸ਼ਾਂ ਲੋਕਾਈ 'ਤੇ, ਉਸ ਪਵਿੱਤਰ ਧਰਤੀ ਤੋਂ ਹੋ ਰਹੀਆਂ ਹਨ। ਵਲੀ ਕੰਧਾਰੀ ਪੱਥਰ ਦਿਲ ਨੂੰ ਮੋਮ ਬਣਾ, ਜਲ ਦੀ ਧਾਰਾ ਦੇ ਰੂਪ ਵਿਚ ਆਪਣੇ ਚਰਨਾਂ ਵਿਚੋਂ ਵਹਾ ਦਿਤਾ।

ਇਕ ਨਹੀਂ ਹੋਰ ਅਨੇਕਾਂ, ਕੌਡੇ ਰਾਖਸ਼ ਵਰਗੇ ਭਾਈ ਕੌਡਾ ਬਣ ਗਏ। ਅਸਾਮ ਦੀਆਂ ਜਾਦੂਗਰਨੀਆਂ ਨੂੰ ਗੁਰਮਤਿ ਦਾ ਨਾਮ-ਬਾਣੀ ਵਾਲਾ ਸੁਚੱਜਾ ਜੀਵਨ ਬਸਰ ਕਰਨ ਦੀ ਜੁਗਤਿ ਦੀ ਬਖਸ਼ਿਸ਼ ਕੀਤੀ।

ਅਸਲ ਵਿਚ ਇਹ ਅਗਿਆਨਤਾ ਦਾ ਹਨ੍ਹੇਰਾ ਸੀ ਜਿਸ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਮ-ਬਾਣੀ ਰੂਪੀ ਰੋਸ਼ਨੀ ਨਾਲ ਦੂਰ ਕੀਤਾ।

ਭਾਵ -

*ਸਤਿਗੁਰ ਨਾਨਕ ਪ੍ਰਗਟਿਆ*
*ਮਿਟੀ ਧੁੰਧੁ ਜਗਿ ਚਾਨਣੁ ਹੋਆ।* *ਭਾਈ ਗੁਰਦਾਸ ਜੀ*

ਪ੍ਰਗਟ ਉਹ ਸ਼ੈਅ ਹੁੰਦੀ ਹੈ ਜਿਸ ਦੀ ਪਹਿਲਾਂ ਹੋਂਦ ਹੋਵੇ। ਸ੍ਰੀ ਗੁਰੂ ਨਾਨਕ ਸਾਹਿਬ ਗੁਰ ਪ੍ਰਮੇਸ਼ਰ ਰੂਪ ਹਨ। ਪ੍ਰਮੇਸ਼ਰ ਦੀ ਹੋਂਦ ਸਦੀਵੀ ਹੈ। ਸਾਰੇ ਜੁਗਾਂ ਵਿਚ ਹੈ। ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਵੀ ਸੀ ਤੇ ਜਦੋਂ ਸ੍ਰਿਸ਼ਟੀ ਨਹੀਂ ਹੋਵੇਗੀ ਉਦੋਂ ਵੀ ਉਸ ਪਰਮ ਸ਼ਕਤੀ ਦੀ ਹੋਂਦ ਰਹੇਗੀ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਅਗਿਆਨਤਾ ਦੇ ਹਨ੍ਹੇਰੇ ਵਿਚ ਪ੍ਰਮੇਸ਼ਰ ਦੇ ਅਲੱਗ-ਅਲੱਗ ਸਥਾਨ ਨਿਸ਼ਚਿਤ ਕਰ ਦਿਤੇ ਗਏ ਸਨ ਜਿਵੇਂ ਕਿ

*ਦਖਨ ਦੇਸਿ ਹਰੀ ਕਾ ਬਾਸਾ*
*ਪਛਿਮਿ ਅਲਹ ਮੁਕਾਮਾ ॥* *ਅੰਗ - ੧੩੪੯*

# ਸੰਪਾਦਕੀ

ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ, ਉਹ ਹਰ ਥਾਂ, ਹਰ ਸ਼ੈਅ ਵਿਚ ਵਿਦਮਾਨ ਹੈ। ਲੋੜ ਹੈ ਆਪਣਾ ਆਪ ਖੋਜਣ ਦੀ। ਭਾਵ –

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ – ੧੦੦੨*

ਗੁਰੂ ਦੇ ਸ਼ਬਦ ਰਾਹੀਂ, ਸੁਰਤਿ ਸ਼ਬਦ ਦੇ ਸਿਧਾਂਤ ਤੇ ਚਲਦਿਆਂ ਹੀ ਆਤਮ ਮਾਰਗ ਦਾ ਰਸਤਾ ਤੈਅ ਕੀਤਾ ਜਾ ਸਕਦਾ ਹੈ।

ਇਹ ਹੈ ਸੰਸਾਰੀ ਤੇ ਰੱਬੀ ਰੂਹਾਂ ਦੇ ਰਸਤੇ ਦੀ ਵੀਚਾਰ। ਕਿਵੇਂ ਰੱਬੀ ਪੁਰਸ਼, ਇਲਾਹੀ ਨੂਰ ਨਾਲ ਜੁੜ ਕੇ, ਸੰਤ ਦੀ ਅਵਸਥਾ ਧਾਰਨ ਕਰ ਲੈਂਦਾ ਹੈ। ਲੋੜ ਹੈ ਸੰਸਾਰ ਵਿਚ ਰਹਿੰਦੇ ਹੋਏ ਸੰਸਾਰੀ ਨਾ ਬਣੀਏ। ਨਿਰੰਕਾਰ/ਕਰਤਾਰ ਦੇ ਦੇਸ਼ ਦੇ ਵਾਸੀ ਬਣ ਕੇ ਬੇਗਮਪੁਰਾ ਸੰਕਲਪ ਸੰਸਾਰ ਵਿਚ ਪ੍ਰਗਟ ਕਰੀਏ। ਜਿਥੇ ਕੋਈ ਊਚ-ਨੀਚ, ਵੈਰੀ ਅਤੇ ਬਿਗਾਨਾ ਨਹੀਂ ਹੈ –

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ – ੧੨੯੯*

ਭਾਵ –

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ – ੯੭*

ਇਹੀ ਆਤਮ ਮਾਰਗ ਦੇ ਸੰਚਾਲਕ ਮਹਾਂਪੁਰਸ਼ਾਂ ਦਾ ਧੇਅ ਸੀ। ਉਨ੍ਹਾਂ ਵਲੋਂ 'ਆਤਮ ਮਾਰਗ' ਮੈਗਜ਼ੀਨ ਦਾ ਨਾਮ ਵੀ ਇਸੇ ਕਰਕੇ ਇਹ ਰੱਖਿਆ ਕਿ ਇਸ ਵਿਚੋਂ 'ਆਤਮਾ ਦੇ ਮਾਰਗ' ਦੀ ਸੋਝੀ ਮਿਲੇਗੀ। ਇਸ ਵਿਚ ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥'*** ਦੀ ਵੀਚਾਰ ਚਲਦੀ ਰਹੇਗੀ। ਇਸਦੇ ਟਾਈਟਲ ਪੇਜ਼ ਤੇ ਉਕਰੇ ਬਾਣੀ ਦੇ ਸਿਧਾਂਤ ਰਾਹੀਂ ਪੁਸ਼ਟੀ ਹੋ ਜਾਂਦੀ ਹੈ ਕਿ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਅੰਗ– ੮੪੬*

ਇਹੀ ਸੁਨੇਹਾ 'ਆਤਮ ਮਾਰਗ' ਮੈਗਜ਼ੀਨ ਰਾਹੀਂ ਹਰ ਮਹੀਨੇ ਆਪ ਜੀ ਨੂੰ ਪਿਛਲੇ 31 ਸਾਲ ਤੋਂ ਦਿਤਾ ਜਾ ਰਿਹਾ ਹੈ। ਆਉ! ਇਸ ਸੁਨੇਹੇ ਨੂੰ ਹੋਰਾਂ ਤੱਕ ਪਹੁੰਚਾਣ ਦਾ ਉਪਰਾਲਾ ਕਰਦੇ ਹੋਏ ਹਰ ਮਹੀਨੇ ਘੱਟੋ-ਘੱਟ ਦੋ ਮੈਂਬਰ ਹਰ ਪ੍ਰੇਮੀ ਬਣਾ ਕੇ ਗੁਰਬਾਣੀ ਦੇ ਪਵਿੱਤਰ ਸਿਧਾਂਤ ਨੂੰ ਘਰ-ਘਰ ਤੱਕ ਪਹੁੰਚਾਵੇ।

ਅਦਾਰਾ ਆਤਮ ਵਲੋਂ ਇਹ ਦਲੀਲ ਸਹਿਤ ਅਪੀਲ ਹੈ। ਰਤਵਾੜਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੀ ਸੰਗਤ ਭਲੀ ਪ੍ਰਕਾਰ ਜਾਣਦੀ ਹੈ ਕਿ ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ (ਬੀਜੀ) ਦਾ ਜਨਮ ਦਿਹਾੜਾ 8 ਅਗਸਤ 2026 ਨੂੰ ਆ ਰਿਹਾ ਹੈ। ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਇਹ ਦਿਹਾੜਾ ਵਿਸ਼ੇਸ਼ ਗੁਰਮਤਿ ਸਮਾਗਮ ਦੇ ਰੂਪ ਵਿਚ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ ਵੱਡੇ ਦੀਵਾਨ ਹਾਲ ਵਿਚ ਮਨਾਇਆ ਜਾਣਾ ਹੈ। ਸਮੂੰਹ ਸੰਗਤਾਂ ਤੇ ਪਾਠਕ ਜਨਾਂ ਨੂੰ ਸੰਨਿਮਰ ਬੇਨਤੀ ਹੈ ਕਿ 8 ਅਗਸਤ ਨੂੰ ਹੋ ਰਹੇ ਵਿਸ਼ੇਸ਼ ਗੁਰਮਤਿ ਸਮਾਗਮ ਵਿਚ ਹਾਜ਼ਰੀਆਂ ਭਰੀਏ ਤੇ ਆਪਣੇ ਸਵਾਸਾਂ ਤੇ ਸਮੇਂ ਨੂੰ ਸਫਲ ਕਰੀਏ ਜੀ। ਭੁੱਲਾਂ ਚੁਕਾਂ ਦੀ ਖਿਮਾ।

*ਆਪ ਜੀ ਆਉਣ ਦੀ ਉਡੀਕ ਵਿਚ।*
*ਟਰੱਸਟ ਰਤਵਾੜਾ ਸਾਹਿਬ*

**'ਆਤਮ ਮਾਰਗ' ਦੇ ਪਾਠਕਾਂ ਲਈ ਜ਼ਰੂਰੀ ਬੇਨਤੀਆਂ**

**1. ਪੋਸਟ ਵਾਲੇ ਲਿਫਾਫੇ ਤੇ ਆਪ ਜੀ ਦੇ ਚੰਦੇ ਦੀ ਰਿਨੂਅਲ ਦੀ ਤਰੀਕ ਲਿਖੀ ਹੁੰਦੀ ਹੈ ਕ੍ਰਿਪਾ ਕਰਕੇ ਰਿਨੂਅਲ ਤਾਰੀਖ ਖਤਮ ਹੋਣ ਤੋਂ ਪਹਿਲਾਂ ਦਿਤੇ ਗਏ ਸੰਪਰਕ ਨੰਬਰਾਂ ਤੇ ਸੰਪਰਕ ਕਰਕੇ ਆਪਣੀ ਸੇਵਾ ਭੇਜ ਕੇ ਆਤਮ ਮਾਰਗ ਨੂੰ ਚਲਦਾ ਰੱਖੋ ਜੀ।**

**2. ਆਪ ਜੀ ਤਾਂ ਪੜ੍ਹਦੇ ਹੋ ਅਗੇ ਹੋਰ ਮੈਂਬਰ ਬਣਾ ਕੇ 'ਆਤਮ ਮਾਰਗ' ਅਦਾਰੇ ਵਿੱਚ ਪਹੁੰਚਾਉਣ ਦੀ ਕ੍ਰਿਪਾਲਤਾ ਕਰੋ ਬਹੁਤ ਵੱਡਾ ਗੁਰਸ਼ਬਦ ਲੰਗਰ ਹੈ, ਇਸ ਦੀ ਸਾਂਝ ਅੱਗੇ ਵਧਾਓ।**

**3.** ਜੇ ਕਿਸੇ ਪ੍ਰੇਮੀ ਨੇ 'ਆਤਮ ਮਾਰਗ' ਲਈ ਚੰਦਾ ਜਮ੍ਹਾਂ ਕਰਾਇਆ ਹੈ ਜਾਂ ਕਿਸੇ ਜੋੜ ਮੇਲੇ ਤੇ ਨਵਾਂ ਮੈਂਬਰ ਬਣਿਆ ਹੈ ਅਤੇ ਉਸ ਨੂੰ ਮੈਗਜ਼ੀਨ ਨਹੀਂ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਦੱਸ ਕੇ ਸਾਨੂੰ ਦਿਤੇ ਨੰਬਰ ਤੇ ਸੰਪਰਕ ਕਰੇ।

**4 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਸਾਵਣਿ
# ਸੰਗਰਾਂਦ - ਜੁਲਾਈ 16 (ਦਿਨ ਵੀਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**
**ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥**
**ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥**
**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥ ੬ ॥**

**ਅੰਗ-** ੧੩੪

ਆਸਾੜੁ ਮਹੀਨੇ ਦੀ ਤਪਸ਼ ਇਸ ਜੀਵ ਦੀ ਅੰਦਰਲੀ ਤਪਸ਼ ਨੂੰ ਪ੍ਰਗਟਾਅ ਰਹੀ ਸੀ। ***'ਜੀਉ ਤਪਤੁ ਹੈ ਬਾਰੋ ਬਾਰ ॥' (ਅੰਗ-੬੬੧)*** ਦੀ ਸਥਿਤੀ ਬਣੀ ਹੋਈ ਸੀ। ਪ੍ਰੇਮ ਦਾ ਰਸ ਰਗਾਂ ਵਿਚੋਂ ਸੁੱਕ ਰਿਹਾ ਸੀ। ਇਸ ਰੇਗਿਸਤਾਨ ਰੂਪੀ ਅੰਦਰਲੀ ਤੜਫ ਨੇ ਇਕ ਬਦਲਾਅ ਲਿਆਂਦਾ। ਉਸ ਦਰਦ ਨੇ ਅਰਦਾਸ ਦਾ ਵਲਵਲਾ ਪੈਦਾ ਕੀਤਾ। ਮਾਲਕ ਤੋਂ ਵਿਛੜਨ ਦਾ ਅਹਿਸਾਸ ਹੋਇਆ। ਸੂਰਜ ਦੀ ਤਪਸ਼ ਨਾਲ ਤਪੀ ਹੋਈ ਭੱਠੀ ਵਾਂਗੂੰ ਇਸ ਧਰਤੀ ਨੇ ਅਰਦਾਸ ਕੀਤੀ -

*ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ॥*
*ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ॥*
*ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥*
*ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ ॥*

*ਅੰਗ- ੧੨੮੧*

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥*
*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥*

*ਅੰਗ- ੧੨੮੫*

ਕਲਿ ਤੇ ਮਲਿ ਦੋ ਸ਼ਬਦਾਂ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਕਲ ਦਾ ਅਰਥ ਹੈ-ਅੱਗ, ਕਲੇਸ਼। ਅੱਗ ਰਸ ਨੂੰ ਸੁਕਾ ਦਿੰਦੀ ਹੈ। ਸਿਲ੍ਹਾਬ ਖਤਮ ਕਰ ਦਿੰਦੀ ਹੈ। ਜਦੋਂ ਸਿਲ੍ਹਾਬ ਖਤਮ ਤਾਂ ਮਲ (ਮਿੱਟੀ) ਉਠਦੀ ਹੈ। 'ਮਲ' ਮਿੱਟੀ ਜਾਂ ਮੈਲ ਨੂੰ ਕਹਿੰਦੇ ਹਨ। ਅਰਦਾਸ ਸੁਣਨ ਵਾਲੇ ਨੇ ਪੁਕਾਰ ਸੁਣੀ।

*ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥*

*ਅੰਗ- ੧੨੮੧*

ਉਸ ਦੇ ਹੁਕਮ ਵਿਚ ਬੱਦਲ ਵਰਸਣ ਲੱਗੇ ਤੇ ਫਿਰ ਬਣ ਗਿਆ ਨਵਾਂ ਵਾਤਾਵਰਣ। ਜਿਸ ਦਾ ਨਾਮ ਹੈ 'ਸਾਵਣ।' ਇਸ ਤਰ੍ਹਾਂ ਆਸਾੜੁ ਤੋਂ ਸਾਵਣ ਬਣਦਾ ਹੈ। ਅਸਾੜ ਦਾ ਸੁਖੈਨ ਅਰਥ ਖੁਸ਼ਕ ਤੇ ਸਾਵਣ ਦਾ ਸੁਖੈਨ ਅਰਥ 'ਤਰ'।

ਵਰਖਾ ਦੀ ਰੁੱਤ ਸ਼ੁਰੂ ਹੋਣ ਨੂੰ ਸਾਵਣ ਕਹਿੰਦੇ ਹਨ। ਸਾਰੀ ਉਮਰ ਬੀਤ ਜਾਂਦੀ ਹੈ। ਤਪਸ਼ ਦਾ ਅਹਿਸਾਸ ਨਹੀਂ ਹੁੰਦਾ। ਵਿਛੋੜੇ ਦਾ ਪਤਾ ਹੀ ਨਹੀਂ ਲਗਦਾ -

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥*

*ਅੰਗ- ੧੩੭੯*

ਜਿਨ੍ਹਾਂ ਦੀ ਸਾਰੀ ਉਮਰ ਰੂਪੀ ਰਾਤ ਬੀਤ ਗਈ, ਤੜਫ ਪੈਦਾ ਨਾ ਹੋਈ। ਤੜਫ ਵਿਚੋਂ ਅਰਦਾਸ ਨਿਕਲੀ ਹੀ ਨਹੀਂ ਉਥੇ ਸਾਵਣ ਨਹੀਂ ਆਵੇਗਾ। ਇਕ ਅਰਦਾਸ ਨੇ ਹੀ ਜੀਵਨ ਰੂਪੀ ਰੁੱਤ ਬਦਲ ਕੇ ਰਖ ਦਿਤੀ -

*ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥*
*ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥*

*ਅੰਗ- ੧੩੭੬*

ਇਹ ਆਤਮਾ ਰੂਪੀ ਧਰਤੀ, ਜੀਵਨ ਰੂਪੀ ਸਰਸ ਲਈ ਖਿੜ ਪਈ ਹੈ –

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**

'ਸਾਵਣਿ' ਸ਼ਬਦ ਸਾਵੇ' ਤੋਂ ਬਣਿਆ ਜਿਸ ਦਾ ਅਰਥ ਹੈ ਸਾਵਾ, ਹਰਾ। ਪੁਰਾਤਨ ਬੋਲੀ ਵਿਚ ਹਰੇ ਨੂੰ ਸਾਵਾ ਰੰਗ ਕਿਹਾ ਜਾਂਦਾ ਸੀ। ਜਦੋਂ ਸੁੱਕੀ ਹੋਈ ਬਨਸਪਤੀ ਹਰੀ ਹੋ ਜਾਂਦੀ ਹੈ, ਉਸਨੂੰ ਸਾਵਣ ਕਿਹਾ ਜਾਂਦਾ ਹੈ।

ਮੇਦਨੀ ਦੀ ਅਰਦਾਸ ਕਬੂਲ ਹੋਈ, ਬੱਦਲ ਛਹਿਬਰ ਲਾਉਣ ਲੱਗੇ। ਜੀਵ ਦੀ ਅਰਦਾਸ ਕਬੂਲ ਪੈਂਦੀ ਹੈ ਤਾਂ ਗੁਰੂ ਰਹਿਮਤਾਂ ਦੀ ਛਹਿਬਰ ਲਾ ਕੇ ਨਿਵਾਜਦੇ ਹਨ –

*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥*

ਭਾਵੇਂ ਭੂਮੀਆ ਚੋਰ ਹੋਵੇ, ਭਾਵੇਂ ਸੱਜਣ ਠੱਗ ਭਾਵੇਂ ਕੌਡਾ ਰਾਖਸ਼ ਤੇ ਭਾਵੇਂ ਨੂਰ ਜਹਾਂ ਜਾਦੂਗਰਨੀ। ਬਖਸ਼ੇ ਗਏ ਸਾਰੇ–

*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥*
*ਅੰਗ– ੭੫੦*

ਗੁਰੂ ਸ਼ਬਦ (ਨਾਮ) ਨਾਲ ਜੁੜ ਕੇ ਖੋਟਿਆਂ ਤੋਂ ਖਰੇ ਬਣ ਗਏ।

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥*
*ਅੰਗ – ੧੪੩*

ਉਸਦੀ ਬਖਸ਼ਿਸ਼ ਨੂੰ ਕੋਈ ਮੇਟ ਨਹੀਂ ਸਕਦਾ। ਸਾਵਣ ਚੜ੍ਹ ਗਿਆ, ਨਵਾਂ ਰੰਗ, ਮਿਲ ਗਿਆ ਨਵਾਂ ਜੀਵਨ।

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅੰਗ– ੯੪੦*

**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ– ੮੦੮*

ਮਨ ਤੇ ਤਨ ਦਾ ਅਧਾਰ, ਨਾਮ ਬਣ ਗਿਆ। ***'ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥' (ਅੰਗ– ੮੨੦) 'ਆਖਾ ਜੀਵਾ ਵਿਸਰੈ ਮਰਿ ਜਾਉ ॥' (ਅੰਗ–੯))*** ਵਾਲੀ ਅਵਸਥਾ ਪ੍ਰਾਪਤ ਹੋ ਗਈ –

***'ਨਾਨਕ ਭਗਤਾ ਸਦਾ ਵਿਗਾਸੁ ॥'*** ਸਦਾ ਦਾ ਅਨੰਦ, ਸਦਾ ਦਾ ਖੇੜਾ ਪ੍ਰਾਪਤ ਹੋ ਗਿਆ, ਨਾਮ ਰੰਗ ਵਿਚ ਰੱਤੇ ਗਏ।

*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥*
*ਅੰਗ – ੧੩੪*

ਇਕ ਸੱਚੇ ਨਾਮ ਰੰਗ ਤੋਂ ਬਿਨਾਂ ਸਾਰੇ ਰੰਗ ਕੂੜੇ ਹਨ –

**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥**

ਹਰੀ ਦੇ ਨਾਮ ਦੀ ਆਤਮਿਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲਗਦੀ ਹੈ। ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਯੋਗ ਹੋ ਜਾਂਦਾ ਹੈ। ਪ੍ਰਮੇਸ਼ਰ ਦੀ ਸਿਫਤ ਸਲਾਹ ਉਸ ਨੂੰ ਭਾਉਂਦੀ ਹੈ –

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ– ੫੫੮*

ਐਸੀ ਭਾਵਨਾ ਬਣ ਜਾਂਦੀ ਹੈ –

**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥**

ਪ੍ਰਭੂ ਦੀ ਨਾਮ ਰੂਪੀ ਸੰਗਤ ਨਾਲ ਜੰਗਲ ਬੀਆਬਾਨ ਦਾ ਇਕ–ਇਕ ਤੀਲਾ ਮਉਲਿਆ ਭਾਵ ਹਰਾ ਹੋ ਜਾਂਦਾ ਹੈ ਜੋ ਆਸਾੜ੍ਹ ਤਪੰਦੇ ਨਾਲ ਸੁੱਕ ਗਿਆ ਸੀ। ਮਉਲਿਆ ਭਾਵ –

*ਸੋਈ ਮਉਲਾ ਜਿਨਿ ਜਗੁ ਮਉਲਿਆ*
*ਹਰਿਆ ਕੀਆ ਸੰਸਾਰੋ ॥ ਅੰਗ– ੨੪*

'ਮਉਲਾ' ਰੱਬ ਨੂੰ ਕਿਹਾ ਹੈ ਜੋ ਰੱਬ ਨਾਲ ਜੁੜ ਜਾਂਦਾ ਹੈ ਉਹ ਵੀ ਮਉਲ ਜਾਂਦਾ ਹੈ ਭਾਵ ਹਰਾ ਭਰਾ ਹੋ ਜਾਂਦਾ ਹੈ। ਵਿਛੋੜੇ ਵਿਚ ਅਸਾੜ ਹੈ ਖੁਸ਼ਕੀ ਹੈ। ਸਾਵਣ ਵਿਚ ਤਰੌਤੀ ਹੈ, ਹਰਿਆਵਲ ਹੈ। ਸਾਵਣ ਦੇ ਮਹੀਨੇ ਵਿਚ ਸਾਰੇ ਬੂਟੇ ਹਰੇ ਹੋ ਜਾਂਦੇ ਹਨ, ਕਿਸੇ ਇਕ ਅੱਧੇ ਨੂੰ ਛੱਡ ਕੇ। ਗੁਰੂ ਦੇ ਬਚਨਾਂ ਦੀ ਕਮਾਈ ਨਾਲ ਸਾਵਣ ਬਣ ਜਾਂਦਾ ਹੈ–

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ – ੩੧੦*

**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**

ਮਨ ਦੀ ਲੋਚਾ ਹੈ, ਤੜਫ ਹੈ ਮਿਲਣ ਦੀ ਪਰ ਮਿਲਾਪ ਅਜੇ ਸੰਭਵ ਨਹੀਂ। ਕਾਰਨ ਹੈ ਕੀਤੇ ਕਰਮਾਂ ਦਾ ਫਲ –

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ– ੪੩੩*

ਭਾਵ –

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ– ੧੩੩*

ਹੁਣ ਇਹ ਕਰੇ ਹੋਏ ਕਰਮ ਨਾਮ ਨੇ ਕੱਟਣੇ ਹਨ, ਸਮਰੱਥ ਗੁਰੂ ਦੇ ਵਿਚ ਹੀ ਸਮਰੱਥਾ ਹੈ ਕਰਮਾਂ

*(ਬਾਕੀ ਪੰਨਾ 40 'ਤੇ)*



ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-15)*

ਦੁਖ ਦੀ ਪੈਦਾਇਸ਼ ਪ੍ਰਮੇਸ਼ਰ ਦੀ ਭੁੱਲ ਵਿਚੋਂ ਪੈਦਾ ਹੁੰਦੀ ਹੈ। ਭੁੱਲ ਰੂਪੀ ਖਾਈ ਦੀ ਜਨਮ ਦਾਤੀ ਹਉਮੈ ਹੈ। ਹਉਮੈ ਦੇ ਅਧੀਨ ਹੋਇਆ ਸੰਸਾਰ ਕਰਮ ਕਰਦਾ ਹੈ ਅਤੇ ਕਰਮਾਂ ਦੇ ਫਲ ਭੋਗਦਾ ਹੈ। ਨਰਕ ਸੁਰਗ ਦੇ ਚੱਕਰਾਂ ਵਿਚ ਘੁਮੇਟਣੀਆਂ ਖਾਂਦਾ ਹੈ। ਸੋ ਦਰਗਾਹ ਵਿਚ ਤਾਂ ਥਾਂ ਉਨ੍ਹਾਂ ਵਿਰਲੇ ਪੁਰਸ਼ਾਂ ਨੂੰ ਮਿਲਦੀ ਹੈ ਜਿਨ੍ਹਾਂ ਦੇ ਨੇਤਰ ਗੁਰੂ ਦੇ ਦਰਸ਼ਨ ਕਰਦੇ ਹਨ ਅਤੇ ਜਿਨ੍ਹਾਂ ਦੇ ਸਰਵਣ ਨਿੰਦਿਆ, ਚੁਗਲੀ, ਈਰਖਾ ਆਦਿ ਫਿੱਕੀਆਂ ਗੱਲਾਂ ਦਾ ਤਿਆਗ ਕਰਕੇ ਕੇਵਲ ਗੁਰੂ ਦੀ ਬਾਣੀ ਨੂੰ ਸੁਣਨ ਵਿਚ ਲੀਨ ਰਹਿੰਦੇ ਹਨ, ਜਿਨ੍ਹਾਂ ਦੀ ਰਸਨਾ ਹਰ ਵਕਤ ਨਾਮ ਰਸ ਨਾਲ ਭਿੱਜੀ ਰਹਿੰਦੀ ਹੈ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਦਾ ਉਮਾਹ ਉਠ-ਉਠ ਕੇ ਜਵਾਰਭਾਟੇ ਵਾਂਗੂੰ ਆਪਣੇ ਕੰਢਿਆਂ ਤੋਂ ਬਾਹਰ ਨਿਕਲਦਾ ਹੈ, ਦਰਗਾਹ ਵਿਚ ਥਾਂ ਸਿਰਫ ਉਨ੍ਹਾਂ ਨੂੰ ਹੀ ਪ੍ਰਾਪਤ ਹੋਇਆ ਕਰਦੀ ਹੈ। ਗੱਲਾਂਬਾਤਾਂ ਨਾਲ ਦਰਗਾਹ ਦਾ ਵਾਸਾ ਨਹੀਂ ਮਿਲਿਆ ਕਰਦਾ ਭਾਵੇਂ ਕੋਈ ਕਿੱਡਾ ਹੀ ਕਥਾਕਾਰ, ਗਿਆਨੀ ਕਿਉਂ ਨਾ ਹੋਵੇ, ਬਹੁਤ ਵੱਡਾ ਬੁੱਧੀਜੀਵੀ ਕਿਉਂ ਨਾ ਹੋਵੇ ਪਰ ਦਰਗਾਹ ਵਿਚ ਮਾਣ ਨਹੀਂ ਪਾ ਸਕਦਾ। ਦਰਗਾਹ ਵਿਚ ਮਾਣ ਪਾਉਣ ਲਈ -

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥*
*ਅੰਗ - ੫੧੭*

ਸੋ ਇਸ ਕਰਕੇ ਇਸ ਵਿਅਕਤੀ ਨੂੰ ਮਹਾਨ ਰੋਗ ਨੇ ਜਿਸ ਕਾਰਨ ਕਰਕੇ ਘੇਰ ਲਿਆ ਉਹ ਸੀ ਨਾਮ ਰਸ ਨਾਲੋਂ ਟੁੱਟ ਜਾਣਾ ਅਤੇ ਵਿਸ਼ੇ ਵਿਕਾਰਾਂ ਦੇ ਕੁ-ਰਸਾਂ ਵਿਚ ਪੈ ਕੇ ਆਪਣੇ ਜੀਵਨ ਦਾ ਨਾਸ਼ ਕਰ ਲੈਣਾ। ਮਦਿਰਾ, ਮਾਸ ਦਾ ਸੇਵਨ ਕਰਨਾ ਅਤੇ ਪ੍ਰਮੇਸ਼ਰ ਨੂੰ ਹਰ ਵਕਤ ਭੁੱਲੇ ਰਹਿਣਾ, ਕਿਉਂਕਿ ਦਰਗਾਹ ਦਾ ਅਸੂਲ ਹੈ -

*ਜੈਸਾ ਕਰੇ ਸੁ ਤੈਸਾ ਪਾਵੈ ॥*
*ਆਪਿ ਬੀਜਿ ਆਪੇ ਹੀ ਖਾਵੈ ॥* *ਅੰਗ- ੬੬੨*

ਇਕ ਥਾਂ ਦੇ ਉਤੇ ਫੁਰਮਾਨ ਆਇਆ ਹੈ -

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਅੰਗ - ੧੩੭੪*

ਜੋ ਸਾਦਾ ਭੋਜਨ ਕਰਦੇ ਹਨ ਉਹ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ ਪਰ ਜਦੋਂ ਪ੍ਰਮੇਸ਼ਰ ਦੇ ਪੈਦਾ ਕੀਤੇ ਜੀਵਾਂ ਨੂੰ ਮਾਰ-ਮਾਰ ਕੇ ਆਪਣੇ ਸੁਆਦ ਲਈ ਖਾਂਦੇ ਹਨ ਤਾਂ ਉਨ੍ਹਾਂ ਨੂੰ ਕੀਤੇ ਕਰਮਾਂ ਦਾ ਫਲ ਮਿਲਦਾ ਹੈ। ਕਈ ਪ੍ਰੇਮੀਆਂ ਦਾ ਇਹ ਖਿਆਲ ਹੁੰਦਾ ਹੈ ਕਿ ਅਸੀਂ ਤਾ ਉਨ੍ਹਾਂ ਜੀਵਾਂ ਦੀ ਮੁਕਤੀ ਕਰਦੇ ਹਾਂ। ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਅਸੀਂ ਤਾਂ ਆਪ ਜੋ ਹਉਮੈ ਦੇ ਅਧੀਨ ਆਪਣਾ ਜੀਵਨ ਦੁਖਾਂ ਦੇ ਰਸਤੇ ਵਿਚ ਪਾ ਕੇ ਲੰਘਾ ਰਹੇ ਹਾਂ ਜੋ ਕੀਤੇ ਹੋਏ ਕਰਮ ਤੁਹਾਨੂੰ ਚਿੰਬੜ ਰਹੇ ਹਨ ਉਨ੍ਹਾਂ ਦਾ ਫਲ ਤਾਂ ਅਵੱਸ਼ ਭੋਗਣਾ ਹੀ ਪਵੇਗਾ, ਜਿਵੇਂ ਕਿ-

*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - ੧੩੭੪*

ਪਹਿਲਾਂ ਜੀਵ ਮਾਰ ਕੇ ਸੁਆਦੀ ਭੋਜਨ ਬਣਾ ਕੇ ਖਾਓ, ਫੇਰ ਜਦੋਂ ਕਰਮ ਭੋਗਣਾ ਪੈਂਦਾ ਹੈ ਫੇਰ ਆਪਣਾ ਗਲਾ ਕਟਾ ਕੇ ਉਹਦਾ ਭੋਜਨ ਬਣਨਾ ਪੈਂਦਾ ਹੈ। ਇਸ ਤਰ੍ਹਾਂ ਇਹ ਚੱਕਰ ਚਲ ਪੈਂਦਾ ਹੈ। ਸੋ ਇਨ੍ਹਾਂ ਚੀਜ਼ਾਂ ਤੋਂ ਉਪਰ ਹੋ ਕੇ ਸਤੋ ਗੁਣੀ ਭੋਜਨ, ਸਤੋਗੁਣੀ ਪ੍ਰਭਾਵ ਪੈਦਾ ਕਰਦਾ ਹੈ। ਸਤੋ ਗੁਣ ਵਿਚ ਭਜਨ ਬੰਦਗੀ ਕਰਨ ਲਈ ਚਿੱਤ ਵਿਚ ਉਮਾਹ ਪੈਦਾ ਹੁੰਦਾ ਹੈ। ਤਮੋ ਗੁਣੀ ਭੋਜਨ ਸਰੀਰ ਨੂੰ ਤਮੋ ਗੁਣ ਦੇ ਅਧੀਨ ਕਰ ਦਿੰਦਾ ਹੈ। ਉਹ ਗੁੱਸੇ ਵਿਚ ਭਰਿਆ ਹੋਇਆ ਈਰਖਾ, ਨਿੰਦਿਆ, ਚੁਗਲੀ ਦੀ ਅਗਨ ਵਿਚ ਜਲਦਾ ਹੋਇਆ ਭਜਨ ਬੰਦਗੀ ਵਲ ਮੂੰਹ ਵੀ ਨਹੀਂ ਕਰਦਾ। ਉਸ ਦਾ ਮਨ ਕਠੋਰ ਹੋ ਜਾਂਦਾ ਹੈ। ਰਜੋ

ਗੁਣੀ ਭੋਜਨ ਮਨ ਵਿਚ ਵਿਖਸ਼ੇਪਤਾ ਪੈਦਾ ਕਰਦਾ ਹੈ। ਹਰ ਵਕਤ ਹਿਲਜੁੱਲ ਪੈਦਾ ਹੁੰਦੀ ਰਹਿੰਦੀ ਹੈ ਅਤੇ ਅਨੇਕ ਕਿਸਮ ਦੀਆਂ ਵਾਸ਼ਨਾਵਾਂ ਦਾ ਸ਼ਿਕਾਰ ਹੋ ਕੇ ਪ੍ਰਭੂ ਪਿਆਰ ਵੱਲ ਤਾਂ ਇਕ ਵੀ ਉਲਾਂਘ ਨਹੀਂ ਪੁੱਟ ਸਕਦਾ। ਇਸ ਕਰਕੇ ਪ੍ਰਮੇਸ਼ਰ ਨਾਲ ਪਿਆਰ ਕੇਵਲ ਸਤੋਗੁਣੀ ਬਿਰਤੀ ਪ੍ਰਾਪਤ ਹੋਣ ਨਾਲ ਹੀ ਪੈਂਦਾ ਹੈ।

ਜਿਵੇਂ ਕਿ ਅਸੂਲ ਹੈ ਕਿ ਪ੍ਰਮੇਸ਼ਰ ਨੂੰ ਭੁੱਲਣ ਨਾਲ ਸਾਰੇ ਰੋਗ ਸਰੀਰ ਨੂੰ ਆ ਕੇ ਘੇਰ ਲੈਂਦੇ ਹਨ ਇਸੇ ਤਰ੍ਹਾਂ ਨਾਲ ਇਹ ਵੀ ਅਸੂਲ ਹੈ ਜਦੋਂ ਕਿਸੇ ਦੀ ਬਿਰਤੀ ਪ੍ਰਭੂ ਪਿਆਰ ਵਿਚ ਲੀਨ ਹੋਵੇਗੀ ਅਤੇ ਨਾਮ ਦਾ ਰਸ ਸਰੀਰ ਵਿਚ ਵਰਸਣਾ ਸ਼ੁਰੂ ਹੋਵੇਗਾ, ਉਸ ਵੇਲੇ ਉਸ ਦੇ ਸਰੀਰ ਦਾ ਕਣ-ਕਣ ਨਰੋਆਪਨ ਪ੍ਰਤੀਤ ਕਰੇਗਾ ਜਿਸ ਕਰਕੇ ਸਾਰੇ ਰੋਗਾਂ ਦਾ ਨਾਸ਼ ਹੋ ਜਾਣਾ ਕੁਦਰਤੀ ਹੀ ਹੈ। ਇਹ ਗੱਲ ਐਵੇਂ ਖਿਆਲੀ ਤੌਰ ਤੇ ਨਹੀਂ ਦੱਸੀ ਜਾ ਰਹੀ ਹੈ। ਰਤਵਾੜਾ ਸਾਹਿਬ ਸੈਂਕੜਿਆਂ ਦੀ ਗਿਣਤੀ ਵਿਚ ਭਿਆਨਕ ਦੁਖਾਂ ਦੇ ਮਾਰੇ ਪੁਰਸ਼ ਜਿਹੜੇ ਦਵਾਈਆਂ ਖਾ-ਖਾ ਕੇ ਥੱਕ ਗਏ ਸਨ ਜਦੋਂ ਗੁਰੂ ਚਰਨ ਸ਼ਰਨ ਆਏ, ਬਾਣੀ ਦਾ ਆਸਰਾ ਲਿਆ ਅਤੇ ਸੇਵਾ ਵਿਚ ਆਪਣੇ ਆਪ ਨੂੰ ਢਾਲਿਆ, ਆਪਣੇ ਕੀਤੇ ਕਰਮਾਂ ਦਾ ਪਰਾਸ਼ਚਿਤ ਕੀਤਾ ਤਾਂ ਜਦੋਂ ਉਸ ਦੀ ਸੁਰਤ ਘਟ-ਘਟ ਵਿਚ ਵਿਆਪਕ ਜੋਤ ਨਾਲ ਇਕ ਸੁਰ ਹੋ ਜਾਂਦੀ ਹੈ, ਜਿਵੇਂ ਕਿ ਫੁਰਮਾਨ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥*

*ਅਕਾਲ ਉਸਤਤਿ*

ਇਸ ਦੇ ਨਾਲ ਜਦੋਂ ਸੁਰਤ ਮਿਲ ਗਈ ਤਾਂ ਇਸ ਸਤਿ ਚਿਤ ਅਨੰਦ ਵਾਹਿਗੁਰੂ ਜੋਤ ਵਿਚੋਂ ਨਰੋਆਪੁਣ ਅਤੇ ਤਾਜ਼ਗੀ ਸਰੀਰ ਵਿਚ ਸਮਾਉਣੀ ਸ਼ੁਰੂ ਹੋ ਜਾਵੇਗੀ, ਸਰੀਰ ਤੰਦਰੁਸਤ ਹੁੰਦਾ ਜਾਵੇਗਾ ਅਤੇ ਝੁੰਜਲਾਹਟ ਵਿਚੋਂ ਨਿਕਲ ਕੇ ਇਕ ਅਨੰਦ ਦੀ ਪ੍ਰਾਪਤੀ ਹੋ ਜਾਵੇਗੀ। ਇਸ ਵਿਚ ਕਿਸੇ ਦੀ ਕਰਾਮਾਤ ਨਹੀਂ ਹੈ। ਕਈ ਪ੍ਰੇਮੀਆਂ ਦੇ ਮਨ ਵਿਚ ਇਹ ਹੁੰਦਾ ਹੈ ਕਿ ਜੇ ਬਾਬਾ ਜੀ ਕਹਿ ਦੇਣ ਤੂੰ ਰਾਜ਼ੀ ਹੋ ਜਾਵੇਂਗਾ ਤਾਂ ਰਾਜ਼ੀ ਹੋ ਜਾਈਦਾ ਹੈ। ਇਸ ਵਿਚ ਮੇਰੀ ਵਡੱਤਣ ਨਹੀਂ ਹੈ ਇਹ ਭੁੱਲ ਕੇ ਵੀ ਨਹੀਂ ਸੋਚਣਾ ਚਾਹੀਦਾ। ਮੇਰਾ ਨਿਸ਼ਚਾ ਹੈ ਕਿ ਗੁਰਬਾਣੀ ਨਾਲ ਜੁੜਿਆਂ ਰੋਗਾਂ ਦਾ ਘਾਣ ਖਤਮ ਹੋ ਜਾਂਦਾ ਹੈ। ਇਸ ਵਿਚ ਉਨ੍ਹਾਂ ਦਾ ਵਿਸ਼ਵਾਸ ਕੰਮ ਕਰਦਾ ਹੈ ਜਿੰਨਾਂ ਵਿਸ਼ਵਾਸ ਵੱਧ ਹੋਵੇਗਾ, ਓਨਾਂ ਰੁਖ ਉਨ੍ਹਾਂ ਦਾ ਪ੍ਰਭੂ ਵਲ ਨੂੰ ਹੋਵੇਗਾ, ਉਨੀਂ ਛੇਤੀ ਹੀ ਉਨ੍ਹਾਂ ਨੂੰ ਤੰਦਰੁਸਤੀ ਦੀ ਪ੍ਰਾਪਤੀ ਹੋਵੇਗੀ ਕਿਉਂਕਿ ਗੁਰੂ ਮਹਾਰਾਜ ਜੀ ਦਾ ਸਿਧਾਂਤ ਹੈ-

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥*

*ਅੰਗ- ੬੧੧*

ਇਸ ਅੰਦਰਲੀ ਬਾਣੀ ਤਕ ਪਹੁੰਚਣ ਲਈ ਸਮਰੱਥ ਗੁਰੂ ਤੋਂ ਮੰਤਰ ਲੈਣ ਦੀ ਆਵਸ਼ਕਤਾ ਹੈ ਗੁਰੂ ਘਰ ਦੀ ਮਰਿਆਦਾ ਅਨੁਸਾਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਪੇਸ਼ ਹੋ ਕੇ ਪੰਜ ਪਿਆਰਿਆਂ ਤੋਂ ਮੰਤਰ ਪ੍ਰਾਪਤ ਕਰਾਂਗੇ। ਹੋਰ ਸੰਪਰਦਾਵਾਂ ਦੇ ਆਪਣੇ ਤਰੀਕੇ ਹਨ ਉਹ ਉਨ੍ਹਾਂ ਦੇ ਮੁਤਾਬਿਕ ਭਰੋਸੇ ਨੂੰ ਕਾਇਮ ਰਖਦਿਆਂ ਹੋਇਆਂ ਮੰਤਰ ਪ੍ਰਾਪਤ ਕਰਦੇ ਹਨ। ਇਸ ਮੰਤਰ ਨੂੰ ਅੰਦਰ ਵਸਾਉਣ ਲਈ ਬਹੁਤ ਹੀ ਜ਼ਰੂਰੀ ਹੈ ਕਿ ਜਦੋਂ ਇਕਾਗਰ ਚਿਤ ਹੋ ਕੇ ਭਾਵੇਂ ਮੰਤਰ ਦਾ ਜਾਪ ਕਰਦਾ ਹੈ ਜਾਂ ਸਮਰੱਥ ਗੁਰੂ ਦੀ ਬਾਣੀ ਦੀ ਵਿਚਾਰ ਕਰਦਾ ਹੈ ਤਾਂ ਉਸ ਦੇ ਨਿਸ਼ਚੇ ਵਿਚ ਪਰੀਪੂਰਨ ਸ਼ਕਤੀ ਜਿਹੜੀ ਕਿ ਹਰ ਸਮੇਂ ਹਰ ਪ੍ਰਾਣੀ ਦੇ ਨਾਲ ਰਹਿੰਦੀ ਹੈ ਅਤੇ ਦ੍ਰਿਸ਼ਟਮਾਨ ਵਿਚ ਕੋਈ ਵੀ ਐਸਾ ਥਾਂ ਨਹੀਂ ਜਿਥੇ ਉਸ ਦੀ ਪੂਰਨ ਹੋਂਦ ਨਾ ਹੋਵੇ, ਸਾਰੇ ਨੇਤਰ ਉਸ ਦੇ ਹਨ, ਸਾਰੇ ਕੰਨ ਉਸ ਦੇ ਹਨ, ਸਾਰੇ ਪੈਰ ਉਸ ਦੇ ਹਨ, ਸਾਰੇ ਹੱਥ ਉਸ ਦੇ ਹਨ ਪਰ ਸਭ ਕੁਝ ਹੁੰਦਿਆਂ ਹੋਇਆਂ ਉਸ ਦਾ ਕੁਝ ਵੀ ਨਹੀਂ ਹੈ। ਸੋ ਇਹ ਜੋ ਸ਼ਕਤੀ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*

*ਅੰਗ- ੬੭੭*

ਸੋ ਇਸ ਸ਼ਕਤੀ ਨਾਲ ਜਦੋਂ ਅਸੀਂ ਚਿਤ ਜੋੜਦੇ ਹਾਂ ਤਾਂ ਅਸਾਡੇ ਨਿੱਕੇ ਆਪੇ ਵਿਚ, ਸਮੱਸਤ ਆਪੇ ਵਿਚੋਂ ਬਖਸ਼ਿਸ਼ਾਂ ਦਾ ਮੀਂਹ ਵਰ੍ਹਦਾ ਹੈ, ਅਸਾਨੂੰ ਖੇੜੇ ਦੀ ਦਾਤ ਮਿਲਦੀ ਹੈ, ਘਣੇ ਅਨੰਦ ਦਾ ਪ੍ਰਵਾਹ ਅਸਾਡੇ

ਅੰਦਰੋਂ ਚਲਣ ਲਗ ਜਾਂਦਾ ਹੈ ਉਸ ਦੇ ਸਾਮ੍ਹਣੇ ਕੋਈ ਬਿਮਾਰੀ ਰੁਕ ਨਹੀਂ ਸਕਦੀ ਕੇਵਲ ਲੋੜ ਹੈ ਉਸ ਦੇ ਨਾਲ ਲਿਵ ਜੋੜਨ ਦੀ। ਸੋ ਪਿਆਰਿਓ!

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥*

*ਅੰਗ- ੯੧੮*

ਆਪਣੇ ਜੀਵਨ ਨੂੰ ਐਸੀ ਸੇਧ ਦੇਵੋ ਜਿਸ ਨਾਲ ਤੁਸੀਂ ਉਸ ਪ੍ਰਭੂ ਨਾਲ ਜੁੜੇ ਰਹੋਂ ਪਰ ਇਹ ਮਾਇਆ ਦੀਆਂ ਅਥਾਹ ਲਹਿਰਾਂ ਵਿਚ ਬਹੁਤ ਹੀ ਮੁਸ਼ਕਲ ਹੈ ਇਸ ਲਈ ਉਨ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਵਿਚ, ਜੋ ਹਰ ਵਕਤ ਸਹਿਜ ਸਮਾਧ ਵਿਚ ਲੀਨ ਰਹਿੰਦੇ ਹਨ ਜਿਨ੍ਹਾਂ ਦੇ ਅੰਦਰ ਦ੍ਵੈਤ ਦੀ ਰਾਈ ਮਾਤਰ ਵੀ ਅੰਸ ਨਹੀਂ ਹੈ ਜੋ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਵਕਤਾ ਹਨ, ਪੂਰਨ ਅਦ੍ਵੈਤ ਵਿਚ ਹਰ ਘਟ ਵਿਚ ਵਾਹਿਗੁਰੂ ਨੂੰ ਪਛਾਣਦੇ ਹਨ, ਉਨ੍ਹਾ ਦੀ ਸੰਗਤ ਕਰੋ। ਅਸਾਡੇ ਲਈ ਬਹੁਤ ਸੁਖਾਲਾ ਮਾਰਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਵਿਚਾਰ ਕੇ ਆਪਣੇ ਜੀਵਨ ਵਿਚ ਢਾਲੋ। ਜ਼ਿੰਦਗੀ ਵਿਚ ਪਹਿਲਾਂ ਭਾਵੇਂ ਜੋ ਕੁਝ ਹੋ ਗਿਆ, ਹੋ ਗਿਆ ਪਰ ਜਦੋਂ ਵੀ ਤੁਸੀਂ ਪੂਰਨ ਇਰਾਦੇ ਨਾਲ ਪਸ਼ਚਾਤਾਪ ਕਰਕੇ ਉਸ ਦੀ ਸ਼ਰਨ ਵਿਚ ਆਏ ਤਾਂ ਸੱਚਾ ਦਾਤਾਰ ਉਸ ਡੁੱਬੇ ਹੋਏ ਨੂੰ ਕੱਢ ਲੈਂਦਾ ਹੈ। ਸਚ ਆਚਾਰ ਧਾਰਨਾ ਚਾਹੀਦਾ ਹੈ।

ਸਾਧਸੰਗਤ ਜੀ! ਜਗਤ ਆਪਣੇ ਕਰਮਾਂ ਨਾਲ ਦੁਖੀ ਹੋ ਰਿਹਾ ਹੈ ਸਾਰੇ ਦੁਖਾਂ ਦਾ ਕਾਰਨ ਹਉਮੈ ਵਿਚ ਗ੍ਰਸਿਆ ਹੋਣਾ ਹੈ। ਵਾਹਿਗੁਰੂ ਜੀ ਜੀਵਾਂ ਦੇ ਸੁਧਾਰ ਲਈ ਦੁਖ ਭੇਜਦੇ ਹਨ ਜੋ ਅਸਾਨੂੰ ਸਜਾਵਾਂ ਲਗਦੀਆਂ ਹਨ। ਅਸਾਨੂੰ ਐਸੀ ਬਿਰਤੀ ਨਹੀਂ ਧਾਰਨ ਕਰਨੀ ਚਾਹੀਦੀ ਕਿ ਇਨ੍ਹਾਂ ਜੀਵਾਂ ਨੂੰ ਸਜ਼ਾ ਭੋਗਣ ਦਿਓ। ਅਸਾਨੂੰ ਵਾਹਿਗੁਰੂ ਜੀ ਨੇ ਨਰਮ ਦਿਲ ਦਿਤਾ ਹੈ ਅਸੀਂ ਕਿਸੇ ਨੂੰ ਦੁਖੀ ਨਹੀਂ ਦੇਖਣਾ ਚਾਹੁੰਦੇ। ਅਸਾਡੇ ਪਾਸ ਦੋ ਸ਼ਕਤੀਆਂ ਹਨ - ਇਕ ਸਰੀਰਕ, ਇਕ ਮਾਨਸਿਕ। ਸਰੀਰ ਨਾਲ ਦੁਖ ਦੂਰ ਕਰਨ ਲਈ ਦਿਲੋਂ ਅਰਦਾਸ ਕਰਨੀ ਕਿ ਹੇ ਪ੍ਰਭੂ! ਭਾਵੇਂ ਤੇਰਾ ਹੀ ਭਾਣਾ ਵਰਤ ਰਿਹਾ ਹੈ ਪਰ ਮੈਂ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਜੀਵਾਂ ਉਪਰ ਤਰਸ ਕਰ, ਤੂੰ ਇਨ੍ਹਾਂ ਨੂੰ ਸੋਝੀ ਬਖਸ਼ ਤੇ ਇਨ੍ਹਾਂ ਦਾ ਵੀ ਭਲਾ ਹੋ ਜਾਵੇ। ਤੁਸੀਂ ਵੀ ਰੋਜ਼ ਕਹਿੰਦੇ ਹੋ -

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।*

ਅਸਾਡੇ ਗੁਰੂ ਮਹਾਰਾਜ ਜੀ ਨੇ ਸੰਸਾਰਕ ਦੁਖਾਂ ਨੂੰ ਦੂਰ ਕਰਨ ਵਾਸਤੇ ਆਪਣੇ ਸਰੀਰ ਉਪਰ ਬਹੁਤ ਵੱਡੇ ਸੰਤਾਪ ਸਹਿਨ ਕੀਤੇ। ਜ਼ਾਲਮ ਰਾਜ ਨੂੰ ਸਮਝਾਉਣ ਹਿਤ ਆਪਣੇ ਪ੍ਰਾਣਾਂ ਦੇ ਬਲਿਦਾਨ ਦਿਤੇ। ਅਸਾਡੇ ਅਨੇਕ ਮਹਾਂਪੁਰਸ਼ਾਂ ਨੇ ਆਪਣੀਆਂ ਕੁਰਬਾਨੀਆਂ ਦਿਤੀਆਂ ਕਿਉਂਕਿ ਬ੍ਰਹਮ ਗਿਆਨੀ ਦੇ ਹਿਰਦੇ ਵਿਚ ਪਰਉਪਕਾਰ ਦਾ ਉਮਾਹ ਹੁੰਦਾ ਹੈ। ਇਕ ਬਹੁਤ ਮਜ਼ਬੂਤ ਚਸ਼ਮਾ ਹੁੰਦਾ ਹੈ ਜਿਸ ਦੀ ਫੁਹਾਰ ਬਹੁਤ ਉਚੀ ਜਾ ਕੇ ਬਹੁਤ ਦੂਰ ਤੱਕ ਦੀ ਗਰਮੀ ਦਾ ਨਾਸ਼ ਕਰਦੀ ਹੈ। ਜਿਵੇਂ ਕਿ ਫੁਰਮਾਨ ਹੈ -

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ ਅੰਗ - ੨੭੩*

ਤੁਸੀਂ ਵੀ ਹੱਥ ਵਟਾ ਸਕਦੇ ਹੋਂ ਆਪਣੀ ਸ਼ੁਭ ਕਮਾਈ ਦੀ ਮਾਇਆ ਖਰਚ ਕੇ, ਆਪਣੀ ਵਿਹਲ 'ਚੋਂ ਸਮਾਂ ਕੱਢ ਕੇ ਸਰੀਰਕ ਸੇਵਾ ਰਾਹੀਂ। ਤੁਸੀਂ ਦੇਖੋ ਇਹ ਜੋ ਸਮਾਂ ਜਾ ਰਿਹਾ ਹੈ, ਸਰਕਾਰ ਦੀਆਂ ਬੇਤਰਤੀਬੀ ਵਿਉਂਤਾਂ ਰਹੀਆਂ ਜਿਸ ਕਾਰਨ ਬਾਰਸ਼ਾਂ ਨੇ ਹੜ੍ਹਾਂ ਦਾ ਰੂਪ ਧਾਰਨ ਕਰ ਲਿਆ। ਤੁਹਾਨੂੰ ਪਤਾ ਲੱਗਿਆ ਕਿ ਇਸ ਵੇਲੇ ਜਿਨ੍ਹਾਂ ਪਿੰਡਾਂ ਵਿਚ ਪਾਣੀ ਛੱਤਾਂ ਦੇ ਉਪਰ ਦੀ ਹੋ ਕੇ ਲੰਘ ਗਿਆ ਉਨ੍ਹਾਂ ਦੇ ਪਸ਼ੂ ਹੜ੍ਹ ਵਿਚ ਮਾਰੇ ਗਏ। ਦਾਣੇ ਭਿੱਜ ਗਏ, ਸਾਰੇ ਕੱਪੜੇ ਹੜ੍ਹਾਂ ਦੇ ਪਾਣੀ ਨੇ ਗਾਲ ਦਿਤੇ, ਨਾ ਦਰੀਆਂ ਬਚੀਆਂ ਨੇ, ਨਾ ਬਿਸਤਰੇ ਬਚੇ, ਸੋਹਣੇ ਕਪੜੇ ਪੇਟੀਆਂ ਵਿਚ ਪਏ ਹੀ ਖਰਾਬ ਹੋ ਗਏ। ਮੇਰੇ ਨਾਲ ਬਹੁਤ ਸਾਰੇ ਪ੍ਰੇਮੀਆਂ ਨੇ ਇਹ ਦ੍ਰਿਸ਼ ਅੱਖਾਂ ਨਾਲ ਦੇਖੇ ਹਨ ਹੁਣ ਜੇ ਇਹ ਕਹਿ ਦੇਵੋਂ ਕਿ ਇਨ੍ਹਾਂ ਨੇ ਆਪਣਾ ਕਰਮ ਭੋਗਿਆ ਹੈ ਤਾਂ ਫਿਰ ਇਨਸਾਨੀਅਤ ਕੀ ਰਹਿ ਗਈ? ਬਾਣੀਆਂ ਦੇ ਪਾਠ, ਸਮਾਧੀਆਂ, ਕੀ ਕਰਨਗੀਆਂ ਜੇ ਕਿਸੇ ਦੁਖੀ ਦੀ ਮਦਦ ਨਾ ਕੀਤੀ? ਜੇ ਹਿਰਦਾ ਪਿਘਲਿਆ ਨਾ ਪੱਥਰ ਵਰਗਾ ਹੀ ਰਿਹਾ ਤਾਂ ਪ੍ਰਭੂ ਦਾ ਪਿਆਰ ਕਿਥੋਂ ਭਾਲਦਾ ਹੈਂ? ਦਰਦ ਵਾਲੇ ਹਿਰਦਿਆਂ ਵਿਚੋਂ ਹੀ ਪ੍ਰਭੂ ਦਾ ਪਿਆਰ ਉਜਾਗਰ ਹੁੰਦਾ ਹੈ। ਮੇਰੇ ਨਾਲ ਬਹੁਤ ਸਾਰੇ ਪ੍ਰੇਮੀ ਸੰਗਤ ਵਿਚੋਂ ਗਏ ਹੜ੍ਹਾਂ ਦੇ ਪਾਣੀ ਵਿਚੀਂ ਪੈਦਲ ਚਲ ਕੇ ਉਨ੍ਹਾ ਥਾਵਾਂ ਤੇ ਪਹੁੰਚਿਆ ਕਰਦੇ ਸਨ ਜਿਥੇ ਦੋ ਦਿਨ ਤੋਂ ਭੁੱਖੇ ਪ੍ਰੇਮੀ ਆਪਣੇ ਢਹੇ ਹੋਏ ਘਰਾਂ ਦੇ ਢੇਰਾਂ ਉਪਰ ਗੋਡਿਆਂ ਵਿਚ ਮੂੰਹ ਦੇਈਂ ਬੈਠੇ ਸਨ। ਨਾ ਬੀਬੀਆਂ ਪਾਸ ਕਪੜੇ ਬਚੇ, ਨਾ ਬੱਚਿਆਂ ਪਾਸ ਕਿਤਾਬਾਂ ਰਹੀਆਂ, ਨਾ ਬੰਦਿਆਂ ਪਾਸ ਕੋਈ

ਚੀਜ਼ ਰਹੀ ਸੀ। ਮੇਰੇ ਨਾਲ ਸ੍ਰੀ ਰਛਪਾਲ ਮਲਹੋਤਰਾ ਤੇ ਡਾ. ਬੀਬੀ ਤੇਜਿੰਦਰ ਮਲਹੋਤਰਾ ਅਤੇ ਹੋਰ ਬੀਬੀਆਂ ਤੇ ਭਾਈ ਪਹੁੰਚੇ ਹੋਏ ਸਨ, ਅਸਾਥੋਂ ਉਹ ਹਿਰਦੇ ਵੇਧਕ ਦ੍ਰਿਸ਼ ਦੇਖਿਆ ਨਾ ਗਿਆ। ਮੈਂ ਤਾਂ ਉਨ੍ਹਾਂ ਦੇ ਦੁਖ ਵਿਚ ਹੀ ਘੁਲ ਗਿਆ। ਮੇਰੇ ਨੇਤਰਾਂ ਵਿਚੋਂ ਜਲ ਜਾਣ ਲਗ ਗਿਆ। ਉਥੇ ਹੀ ਮੈਂ ਆਪਣੇ ਸਾਥੀਆਂ ਨੂੰ ਕਿਹਾ ਕਿ ਬਾਣੀ ਪੜ੍ਹੀ ਦਾ, ਨਾਮ ਜਪੇ ਦਾ ਪ੍ਰਤੱਖ ਰੂਪ ਇਹੋ ਹੈ ਜਿਸ ਨੂੰ ਸੱਚ ਆਚਾਰ ਕਿਹਾ ਜਾਂਦਾ ਹੈ, ਉਹ ਧਾਰਨ ਕਰੋ। ਇਨ੍ਹਾਂ ਦੇ ਖਾਣ ਲਈ ਅੰਨ, ਪਹਿਨਣ ਲਈ ਕੱਪੜਾ ਅਤੇ ਸਿਰ ਢਕਣ ਲਈ ਤਰਪਾਲਾਂ, ਦਵਾਈਆਂ ਆਦਿ ਦਾ ਫੌਰਨ ਪ੍ਰਬੰਧ ਕੀਤਾ ਜਾਵੇ। ਜਦੋਂ ਆਦਮੀ ਸੱਚ ਦੇ ਆਚਾਰ ਤੇ ਆਉਂਦਾ ਹੈ ਉਸੇ ਵੇਲੇ ਆਪਣੇ ਨਿਜ ਦਾ ਜੀਵਨ ਖਤਮ ਹੋ ਜਾਂਦਾ ਹੈ ਉਸ ਵੇਲੇ ਪ੍ਰਭੂ ਦੀ ਜੋਤ ਸਰਬ ਵਿਚ ਪਸਰੀ ਦੇਖ ਕੇ ਉਹ ਦੂਸਰਿਆਂ ਲਈ ਜਿਉਂਦਾ ਹੈ, ਦੂਸਰਿਆਂ ਲਈ ਦਿਨ ਰਾਤ ਮਿਹਨਤ ਕਰਦਾ ਹੈ। ਸਰਬ ਆਪੇ ਦੇ ਦੁਖ ਦੂਰ ਕਰਨ ਲਈ ਤਤਪਰ ਹੋ ਜਾਇਆ ਕਰਦਾ ਹੈ। ਵਾਪਸ ਪਰਤੇ, ਅੱਜ ਸਤਿਸੰਗ ਸੀ ਸਭਨਾਂ ਨੂੰ ਕਿਹਾ ਕਿ ਹੁਣ ਆਪਣਾ ਆਰਾਮ ਛੱਡ ਦੇਵੋ, ਕਦੇ ਕਿਸੇ ਤੋਂ ਮੰਗਿਆ ਤਾਂ ਨਹੀਂ ਸੀ ਪਰ ਕੁਝ ਦਿਨਾਂ ਲਈ ਮੰਗਤੇ ਬਣ ਜਾਓ, ਘਰ-ਘਰ ਜਾਓ, ਕਪੜਾ ਦਾਣਾ ਅਤੇ ਸਾਮਾਨ ਜੋ ਕੁਝ ਵੀ ਮਿਲਦਾ ਹੈ ਲਿਆਓ ਕਿਉਂਕਿ ਸੰਗਤ ਬਹੁਤ ਸਮੇਂ ਤੋਂ ਸਤਿ ਬਾਰੇ ਸੁਣਦੀ ਆ ਰਹੀ ਸੀ ਉਸ ਵੇਲੇ ਐਨਾ ਸੰਗਤ ਵਿਚ ਉਤਸ਼ਾਹ ਹੋਇਆ ਕਿ ਦੂਸਰੇ ਦਿਨ ਹੀ ਢੇਰ ਲਗ ਗਏ। ਟਰੱਕ ਯੂਨੀਅਨ ਨੇ ਅਸਾਨੂੰ ਟਰੱਕ ਦੇ ਦਿਤੇ, 200 ਬੰਦਾ ਪੈਕੇਟ ਬਣਾਉਣ ਲੱਗਿਆ, 200 ਬੰਦਾ ਟਰੱਕਾਂ ਦੇ ਨਾਲ ਚਲਿਆ, ਪੜ੍ਹੇ ਲਿਖੇ ਬੰਦੇ ਸਵਾਰੀਆਂ ਤੇ ਜਾ ਕੇ ਦੁਖੀਆਂ ਦੀਆਂ ਲਿਸਟਾਂ ਤਿਆਰ ਕਰਨ ਲੱਗੇ। ਤਰਪਾਲਾਂ ਖਰੀਦੀਆਂ ਗਈਆਂ, 23 ਆਈਟਮਾਂ ਅਨਾਜ ਆਦਿ ਦੀਆਂ ਖਰੀਦੀਆਂ ਗਈਆਂ। ਇਕ ਰੋਟੀ ਲਾਹੁਣ ਵਾਲੇ ਤਵੇ ਨੂੰ ਛੱਡ ਕੇ ਹੋਰ ਸਭ ਕੁਝ ਖਰੀਦਿਆ ਗਿਆ। ਨਵੇਂ ਬਰਤਨ ਲਏ ਗਏ ਅਤੇ ਪੂਰਾ ਪ੍ਰਬੰਧ ਕਰ ਲਿਆ ਗਿਆ। ਉਨ੍ਹਾਂ ਪਿੰਡਾਂ ਵਿਚ ਚਿੱਕੜ ਨੂੰ ਮਸਲਦਿਆਂ ਇਹ ਪ੍ਰੇਮੀ ਪਹੁੰਚੇ, ਪਿੰਡਾਂ ਵਿਚ ਸੜਿਆਂਦ ਮਾਰ ਰਹੀ ਸੀ, ਅਨਾਜ ਦੇ ਢੇਰ ਲਗ ਗਏ ਸਨ, ਪਸ਼ੂ ਮਰੇ ਹੋਏ ਅਜੇ ਲਾਂਭੇ ਨਹੀਂ ਹੋਏ ਸਨ। ਅਸਾਨੂੰ ਵੀ ਬਹੁਤ ਬਦਬੂ ਆ ਰਹੀ ਸੀ ਪਰ ਅਸੀਂ ਨੱਕ ਉਪਰ ਰੁਮਾਲ ਨਹੀਂ ਰਖੇ ਕਿਉਂਕਿ ਅਸਾਨੂੰ ਵੀ ਉਨ੍ਹਾਂ ਦੇ ਨਾਲ ਹੀ ਰਲਣਾ ਚਾਹੀਦਾ ਸੀ ਜੋ ਐਨੀ ਬਦਬੂ ਨੂੰ ਸਹਾਰ ਰਹੇ ਸੀ। ਇਕ-ਇਕ ਪਿੰਡ ਵਿਚ ਜਾ ਕੇ, ਇਕ-ਇਕ ਘਰ ਵਿਚ ਜਾ ਕੇ ਸਾਰੀਆਂ ਚੀਜ਼ਾਂ ਅਨਾਜ ਵਿਚ 23 ਆਈਟਮਾਂ ਅਤੇ ਇਕ ਕੁਇੰਟਲ ਕਣਕ, ਢਾਈ ਸੇਰ ਚੀਨੀ, ਢਾਈ ਸੇਰ ਦਾਲਾਂ, ਅੱਧ ਸੇਰ ਘਿਓ, ਅੱਧ ਸੇਰ ਤੇਲ, ਮੋਮਬੱਤੀਆਂ, ਦੁਧ ਦੇ ਪੈਕਟ ਆਦਿ ਅਨੇਕ ਚੀਜ਼ਾਂ ਵੰਡਣੀਆਂ ਸ਼ੁਰੂ ਹੋ ਗਈਆਂ। ਦੋ-ਦੋ ਕੰਬਲ, ਖੇਸ, ਤੀਹ ਰਲਵੇਂ-ਮਿਲਵੇਂ ਕਪੜਿਆਂ ਦੇ ਸੂਟ, ਦਸਤਾਰਾਂ ਵੰਡੀਆਂ। ਇਨ੍ਹਾਂ ਸਾਰੀਆਂ ਨੂੰ ਢਕਣ ਲਈ ਤਰਪਾਲਾਂ ਖਰੀਦ ਕੇ ਵੰਡ ਦਿਤੀਆਂ ਗਈਆਂ। ਥੋੜ੍ਹੇ ਦਿਨਾਂ ਵਿਚ ਇਹ ਸਾਰੀ relief ਵੰਡ ਦਿਤੀ ਗਈ। ਬੱਚਿਆਂ ਨੂੰ ਨਵੀਆਂ ਪੁਸਤਕਾਂ, ਕਾਪੀਆਂ, ਬੂਟ, ਵਰਦੀਆਂ, ਸਕੂਲਾਂ ਵਿਚ ਜਾ ਕੇ ਦਿਤੀਆਂ ਗਈਆਂ। ਇਹ ਸਾਰੀ relief ਉਪਰ 70 ਲੱਖ ਰੁਪਏ ਖਰਚ ਆਇਆ ਪਰ ਸਭ ਤੋਂ ਵੱਧ ਹੈਰਾਨੀ ਹੋਈ ਕਿ ਸਰਕਾਰ ਦੇ ਤਾਂ ਕੇਵਲ ਬਿਆਨ ਹੀ ਨਿਕਲਦੇ ਰਹੇ। ਅਸਾਨੂੰ ਇਕ ਵੀ ਸਰਕਾਰੀ ਬੰਦਾ ਅਜਿਹਾ ਨਾ ਮਿਲਿਆ ਜੋ ਇਨ੍ਹਾਂ ਦੁਖੀਆਂ ਦਾ ਦਰਦ ਦੂਰ ਕਰਨ ਲਈ ਕੁਝ ਪ੍ਰੈਕਟੀਕਲੀ ਕਰਦਾ ਹੋਵੇ ਅਤੇ ਨਾ ਹੀ ਸੰਸਥਾਵਾਂ ਨਜ਼ਰ ਆਈਆਂ ਜੋ ਗੰਦੇ ਪਾਣੀਆਂ ਵਿਚੋਂ ਦੀ ਲੰਘ-ਲੰਘ ਕੇ ਇਨ੍ਹਾਂ ਦੁਖੀਆਂ ਦੀ ਸਾਰ ਲੈਂਦੀਆਂ। ਇਕ ਵੀ ਸੰਤ ਨਾ ਮਿਲਿਆ ਸਵਾਏ ਕਾਰ ਸੇਵਾ ਵਾਲਿਆਂ ਤੋਂ। ਕਾਰ ਸੇਵਾ ਵਾਲੇ ਗਲ-ਗਲ ਪਾਣੀ ਵਿਚੋਂ ਸਿਰਾਂ ਤੇ ਪ੍ਰਸ਼ਾਦੇ ਚੁਕੀ ਵੰਡ ਰਹੇ ਸਨ। ਹੋਰ ਸੰਤ ਕੋਈ ਭੀ ਨਜ਼ਰੀ ਨਹੀਂ ਪੈ ਰਿਹਾ ਸੀ, ਸਰਕਾਰ ਦੀ ਤਾਂ ਗੱਲ ਹੀ ਕੀ ਕਰਨੀ ਹੋਈ। ਇਹ ਕੀ ਜੀਵਨ ਹੋਇਆ ਸੋਚੋ, ਵਿਚਾਰੋ? ਗੱਲਾਂ ਨਾਲ ਪ੍ਰਮੇਸ਼ਰ ਨਹੀਂ ਰੀਝਿਆ ਕਰਦਾ। ਸਕੂਲਾਂ ਦੀਆਂ ਮੁਰੰਮਤਾਂ ਕਰਾਈਆਂ ਗਈਆਂ, ਸਾਰੇ ਸਕੂਲ disinfect ਕਰਾਏ। ਪਾਣੀ ਨੇ ਜਿਥੇ ਖੱਡੇ ਪਾ ਦਿਤੇ ਸਨ ਟਰਾਲੀਆਂ ਨਾਲ ਉਥੇ ਮਿੱਟੀ ਪੁਆਈ। ਸਾਨੂੰ ਮਹਿਸੂਸ ਹੁੰਦਾ ਸੀ ਕਿ ਅਸਾਡਾ ਦਿਆਲੂ, ਕ੍ਰਿਪਾਲੂ ਨਾਲ ਹੋ ਕੇ ਸਾਰੇ ਕਾਰਜ ਕਰ ਰਿਹਾ ਹੈ। ਅਸੀਂ ਸਾਰੇ ਸਕੂਲਾਂ ਦੇ ਹੈਡ ਮਾਸਟਰਾਂ ਨੂੰ ਕਹਿ ਦਿਤਾ ਸੀ ਕਿ ਅਸੀਂ ਸਾਰੇ ਹੜ੍ਹਾਂ ਵਾਲੇ ਏਰੀਏ ਦੇ ਬੱਚਿਆਂ ਦੀ ਫੀਸ ਦੇਵਾਂਗੇ। ਉਹ ਨਜ਼ਾਰਾ ਵੀ ਦੇਖਣ ਵਾਲਾ ਸੀ ਜਦੋਂ ਸ਼ਹਿਰਾਂ ਦੇ ਮਾਨਯੋਗ ਪ੍ਰੇਮੀ ਅਤੇ ਬੀਬੀਆਂ ਆਪਣੇ ਸਿਰਾਂ ਤੇ ਰਾਸ਼ਨ ਦੀਆਂ

ਪੰਡਾਂ ਚੁੱਕ ਕੇ ਅਤੇ ਕੱਪੜਿਆਂ ਦੇ ਢੇਰਾਂ ਦੇ ਢੇਰ ਘਰ-ਘਰ ਟਿਕਾ ਕੇ ਆਉਂਦੀਆਂ ਸਨ। ਇਨ੍ਹਾਂ ਵਿਚ ਕੋਈ ਪੁਰਾਣਾ ਕੱਪੜਾ ਨਹੀਂ ਸੀ ਸਾਰੇ ਵਸਤਰ ਨਵੇਂ ਲਏ ਗਏ ਸਨ। ਉਨ੍ਹਾਂ ਦੁਖੀ ਜੀਵਾਂ ਦੀ ਖੁਸ਼ੀ ਅਸਾਨੂੰ ਪ੍ਰਾਪਤ ਹੋਈ। ਸੋ ਮੈਂ ਬੇਨਤੀ ਕਰਦਾ ਹਾਂ ਕਿ ਗੁਰੂ ਦੇ ਪ੍ਰੇਮੀ ਦਾ ਹਿਰਦਾ ਮੋਮ ਵਰਗਾ ਹੋਣਾ ਚਾਹੀਦਾ ਹੈ। ਜਦੋਂ ਹਿਰਦੇ ਵਿਚ ਲਬਾ-ਲਬ ਦਇਆ ਭਰ ਜਾਵੇ ਤਾਂ ਸਮਝੋ ਵਾਹਿਗੁਰੂ ਜੀ ਪ੍ਰਸੰਨ ਹੋ ਜਾਂਦੇ ਹਨ ਅਜੇ ਵੀ ਰਿਲੀਫ ਵੰਡੀ ਜਾ ਰਹੀ ਹੈ। ਰਲੋ ਅਸਾਡੇ ਨਾਲ ਅਤੇ ਉਨ੍ਹਾਂ ਦੁਖੀਆਂ ਦੇ ਦਰਦ ਦੂਰ ਕਰੋ ਫੇਰ ਅਸਾਡਾ ਸਤਿਸੰਗ, ਆਸਾ ਦੀਆਂ ਵਾਰਾਂ ਤੇ ਆਉਣਾ, ਸਮਾਧੀਆਂ ਲਾਉਣੀਆਂ ਸਫਲ ਹੋਣਗੀਆਂ। ਆਪਣੇ ਨਿਜ ਵਾਸਤੇ ਜੀਵਨ ਨਾ ਜੀਵੋਂ ਸਭ ਘਟ ਵਿਚ ਵਾਹਿਗੁਰੂ ਜੀ ਹੈ, ਗੁਰੂ ਨੇ ਅੱਖਾਂ ਖੋਲ੍ਹ ਦਿਤੀਆਂ ਨੇ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* ਅੰਗ - ੪੦੭

ਉਸ ਪ੍ਰਮੇਸ਼ਰ ਨੂੰ ਹਰ ਘਟ ਵਿਚ ਵਸਿਆ ਦੇਖੋ। ਉਸ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਉਸ ਦੇ ਬੰਦਿਆਂ ਦੇ ਦੁਖ ਦੂਰ ਕਰਨ ਦੇ ਜਤਨ ਕਰੋ। ਮੇਰੇ ਸਤਿਗੁਰੂ ਨੇ ਕੀ ਕੀਤਾ ਤੁਸੀਂ ਸੁਣਿਆ ਹੀ ਹੈ। ਕੋਈ ਆਰਾਮ ਕਰਨ ਨੂੰ ਥਾਂ ਨਹੀਂ ਦਿੰਦਾ, ਸੜੇ ਹੋਏ ਕੋਹੜੀ ਦੇ ਪਾਸ ਜਾ ਕੇ ਟਿਕਾਣਾ ਕਰਦੇ ਹਨ। ਦੁਖੀਆਂ ਦੇ ਲਈ ਕਿੰਨਾ ਦਰਦ ਹੈ ਕਿ ਕੇਵਲ ਉਸ ਕੋਹੜੀ ਦਾ ਹੀ ਦੁਖ ਦੂਰ ਨਹੀਂ ਕੀਤਾ ਉਨ੍ਹਾਂ ਭੁੱਲੜਾਂ ਨੂੰ ਵੀ ਰਸਤੇ ਪਾਇਆ ਜੋ ਗੁਰੂ ਮਹਾਰਾਜ ਨੂੰ ਬੈਠਣ ਨੂੰ ਥਾਂ ਨਹੀਂ ਦਿੰਦੇ ਸੀ। ਗੁਰਸਿੱਖ ਦਾ ਦਿਲ ਕਿਹੋ ਜਿਹਾ ਹੈ, ਪਛਾਣ ਕਰੋ। ਐਵੇਂ ਨਾ ਦਿਖਾਵੇ ਦਿਖਾਓ, ਦਿਖਾਵਿਆਂ ਤੇ ਮਾਲਕ ਨਹੀਂ ਰੀਝਦਾ। ਆਪਣੇ ਜੀਵਨ ਨੂੰ ਸੁਰ ਕਰੋ। ਸੁਰ ਕੀਤੇ ਜੀਵਨ ਤੇ ਵਾਹਿਗੁਰੂ ਜੀ ਰੀਝਣਗੇ ਨਹੀਂ ਤਾਂ ਤੁਹਾਡੀ ਰੂਪ ਰੇਖਾ, ਬਾਣੇ, ਚੱਕਰ, ਤਿਲਕ ਤੇ ਮਾਲਾਵਾਂ ਜੋ ਕੁਝ ਵੀ ਤੁਸੀਂ ਕਰ ਰਹੇ ਹੋਂ, ਉਹ ਪ੍ਰਭੂ ਨੂੰ ਨਹੀਂ ਰੀਝਾ ਸਕਦੀਆਂ। ਜੇ ਪ੍ਰਭੂ ਨੂੰ ਰੀਝਾਉਣਾ ਹੈ ਪ੍ਰਭੂ ਨੂੰ ਘਟ-ਘਟ ਵਿਚ ਪਛਾਣੋ। ਸਾਰੇ ਸੰਸਾਰ ਨੂੰ ਆਪਣਾ ਜਾਣੋ।

1. ਕਿਰਤ ਕਰੋ ਧਰਮ ਦੀ
2. ਨਾਮ ਜਪੋ ਸਾਵਧਾਨ ਹੋ ਕੇ
3. ਵੰਡ ਕੇ ਖਾਓ ਲੋੜਵੰਦਾਂ ਨਾਲ।

ਇਹ ਜੀਵਨ ਹੈ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਅਸਾਨੂੰ ਬਖਸ਼ਿਆ ਹੈ। ਸੰਪਰਦਾਇਕ ਝਗੜਿਆਂ ਵਿਚ ਨਾ ਉਲਝੋ ਕਿਉਂਕਿ ਮੇਰੇ ਦਸ਼ਮੇਸ਼ ਪਿਤਾ ਜੀ ਨੇ ਮਸਜਿਦ, ਮੰਦਰ, ਧਰਮ ਦੁਆਰੇ ਵਿਚ ਏਕਤਾ ਨੂੰ ਕਾਇਮ ਰਖਿਆ ਅਤੇ ਪੂਜਾ ਨੂੰ ਸਮਾਨ ਰੱਖਿਆ। ਜੀਵਨ ਜੁਗਤ ਦਸੀ ਹੈ ਉਸ ਪੰਡਤ ਨੂੰ ਮਾਣ ਦਿਤਾ ਹੈ ਜੋ ਸੂਖਮ ਦੇ ਵਿਚ ਅਸਥੂਲ ਨੂੰ ਪਛਾਣਦਾ ਹੈ, ਚਹੁ ਵਰਨਾਂ ਨੂੰ ਉਪਦੇਸ਼ ਦਿੰਦਾ ਹੈ, ਆਦੇਸ਼ ਕਰਦਾ ਹੈ ਉਨ੍ਹਾਂ ਵਿਦਵਾਨਾਂ ਨੂੰ, ਜਿਹੜੇ ਦ੍ਵੈਤ ਤੋਂ ਦੂਰ ਹੋ ਅਦ੍ਵੈਤ ਵਿਚ ਆਪਣਾ ਜੀਵਨ ਬਤੀਤ ਕਰ ਰਹੇ ਹਨ।

ਸੋ ਅੱਜ ਤੁਹਾਡਾ ਬਹੁਤਾ ਸਮਾਂ ਮੈਂ ਲੈ ਲਿਆ ਹੈ ਪਰ ਲੋੜ ਸੀ ਕੁਝ ਸਪੱਸ਼ਟ ਗੱਲਾਂ ਕਰਨ ਦੀ ਕਿਉਂਕਿ ਤੁਸੀਂ ਦੂਰ ਦੁਰਾਡਿਓਂ ਸਫਰ ਤਹਿ ਕਰਕੇ ਕੀਰਤਨ ਦਾ ਅਨੰਦ ਮਾਣਦੇ ਹੋਂ ਪਰ ਇਸ ਅਨੰਦ ਦੇ ਨਾਲ ਜੀਵਨ ਜਾਂਚ ਸਿਖਣੀ ਬਹੁਤ ਜ਼ਰੂਰੀ ਹੈ। ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਆਪਣਾ ਪੂਰਾ ਤਾਣ ਲਾ ਕੇ ਮੇਰੇ ਨਾਲ ਸਹਿਯੋਗ ਦੇ ਕੇ ਐਨੀ ਸੇਵਾ ਕੀਤੀ ਕਿ ਬੀਬੀਆਂ ਦੇ ਸੋਹਣੇ ਰੰਗ ਕਾਲੇ ਹੋ ਗਏ। ਉਨ੍ਹਾਂ ਨੇ ਨਾ ਹੀ ਬੱਚਿਆਂ ਦੀ ਪ੍ਰਵਾਹ ਕੀਤੀ, ਨਾ ਆਪਣੇ ਸੁਖ-ਆਰਾਮ ਦੀ ਪ੍ਰਵਾਹ ਕੀਤੀ, ਭੁੱਖੀਆਂ ਤਿਹਾਈਆਂ ਘਰ-ਘਰ ਟੋਲੀਆਂ ਬਣਾ ਕੇ ਮੰਗਤਿਆਂ ਵਾਂਗੂੰ ਮੰਗਦੀਆਂ ਫਿਰੀਆਂ। ਇਥੋਂ ਤਕ ਵੀ ਸੁਣਿਆ ਹੈ ਕਿ ਇਕ ਘਰ ਵਿਚ ਜੋ ਬਹੁਤ ਹੀ ਅਮੀਰ ਸਨ, ਤੀਸਰੀ ਮੰਜ਼ਲ ਤੋਂ ਆਦਮੀ ਨੇ ਇਕ ਰੁਪਿਆ ਸੁਟਿਆ ਅਤੇ ਕਿਹਾ ਕਿ ਅਸਾਡਾ ਖਹਿੜਾ ਛੱਡੋ। ਇਕ ਬੀਬੀ ਨੇ ਰੁਪਿਆ ਚੁਕਿਆ ਅਤੇ ਅਸੀਸ ਦਿਤੀ ਕਿ ਵਾਹਿਗੁਰੂ ਤੇਰੀ ਕਮਾਈ ਨੂੰ ਸਫਲਾ ਕਰੇ। ਤੈਨੂੰ ਸੋਝੀ ਦੇਵੇ ਕਿ ਵਾਹਿਗੁਰੂ ਜੀ ਘਟ-ਘਟ ਵਿਚ ਵਸਦੇ ਹਨ। ਵਾਹਿਗੁਰੂ ਜੀ ਕਿਤੋਂ ਬਾਹਰੋਂ ਨਹੀਂ ਮਿਲਣਾ ਇਹ ਸੰਗਤ ਵਿਚ ਹੀ ਵਸਿਆ ਕਰਦਾ ਹੈ। ਤੇਰਾ ਇਕ ਰੁਪਿਆ ਪਤਾ ਨਹੀਂ ਦਰਗਾਹ ਵਿਚ ਕਿੰਨੇ ਗੁਣਾਂ ਫਲ ਦੇਵੇਗਾ। ਇਹ ਸੀ ਜਜ਼ਬਾ ਉਨ੍ਹਾਂ ਸੰਗਤਾਂ ਦਾ ਜਿਹੜੇ ਸਾਲਾਂ ਬੱਧੀ ਅੰਮ੍ਰਿਤ ਵੇਲੇ ਪ੍ਰੇਮੀਆਂ ਵਲੋਂ ਲਵਾਈਆਂ ਆਸਾ ਦੀਆਂ ਵਾਰਾਂ ਵਿਚ ਪਹੁੰਚਦੇ ਹਨ। ਹੁਣ ਸਮਾਂ ਇਜ਼ਾਜਤ ਨਹੀਂ ਦਿੰਦਾ।



ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

# ਮੰਝ ਪਿਆਰਾ ਗੁਰੂ ਨੂੰ.......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਲਾਡ ਲਡਾਇਆ ਤੇਰੇ ਭਰੋਸੈ ਮੈਂ।*
*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥*
*ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥ ੨ ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥ ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ॥ ੪ ॥ ੨੭ ॥੯੭ ॥*
*ਅੰਗ- ੫੨*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦਾ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ ਤੇ ਅੱਜ ਮਹਾਰਾਜ ਦੀ ਮਿਹਰਬਾਨੀ ਨਾਲ, ਆਪ ਅੱਠਵੇਂ ਦੀਵਾਨ ਵਿਚ ਸਸ਼ੋਭਿਤ ਹੋਂ। ਪਿਛਲੇ ਸੱਤ ਦਿਨਾਂ ਤੋਂ ਇਕ ਗੁਰਸਿੱਖ ਦਾ ਜੀਵਨ ਵਿਚਾਰਿਆ ਜਾ ਰਿਹਾ ਹੈ ਜੋ ਇਕ ਸਾਧਾਰਣ ਬੰਦਾ ਸੀ, ਕਬਰਾਂ ਨੂੰ ਮੰਨਣ ਵਾਲਾ। ਗੁਰੂ ਦੀ ਸ਼ਰਨ ਆ ਕੇ ਨਾਮ ਜਪਿਆ, ਦ੍ਰਿੜ੍ਹ ਇਰਾਦੇ ਨਾਲ ਜਪਿਆ, ਇਸੇ ਹੀ ਜਨਮ ਦੇ ਅੰਦਰ, ਥੋੜ੍ਹੇ ਸਾਲਾਂ ਦੇ ਅੰਦਰ, ਗੁਰੂ ਦੀ ਸੇਵਾ ਕਰਕੇ, ਚੌਥੇ ਪਦ ਵਿਚ ਵਾਸਾ ਕਰ ਲਿਆ। ਗੁਰੂ ਨੇ ਸਿੱਖ ਨੂੰ ਪੂਰੀ ਤਰ੍ਹਾਂ ਪੁਗਾਉਣ ਵਾਸਤੇ ਘਰ ਭੇਜ ਦਿਤਾ। ਘਰ ਵਿਚ ਆ ਕੇ ਉਹਦੀ ਬਹੁਤ ਮੁਖਾਲਫਤ ਹੋਈ। ਜ਼ਮੀਨ ਜਾਇਦਾਦ, ਧਨ, ਸਭ ਖੋਹ ਲਿਆ। ਡੰਗਰ ਮਰ ਗਏ। ਵਿਸ਼ਵਾਸ਼ ਡੋਲਿਆ ਨਹੀਂ ਉਸਦਾ ਕਿ ਸਿੱਖੀ ਧਾਰ ਕੇ ਮੇਰੇ ਨਾਲ ਕੀ ਹੋ ਗਿਆ। ਜੇ ਹਿਰਸ ਦੀ ਸਿੱਖੀ ਹੁੰਦੀ ਤਾਂ ਉਹ ਡੋਲ ਜਾਂਦਾ। ਲੇਕਿਨ ਉਹ ਸਿਦਕ ਦੀ ਸਿੱਖੀ ਵਿਚ ਆਇਆ ਹੋਇਆ ਸੀ। ਸਿਦਕੀ ਸਿੱਖ ਨਹੀਂ ਡੋਲਿਆ ਕਰਦਾ। ਇਕ ਭਾਵਨੀ ਵਾਲਾ ਨਹੀਂ ਡੋਲਿਆ ਕਰਦਾ। ਤਿੰਨ ਕੈਟਾਗਿਰੀ ਡੋਲਦੀਆਂ ਨੇ। ਸੋ ਇਕ ਨਗਰ 'ਚ ਆ ਕੇ ਰਹਿਣਾ ਸ਼ੁਰੂ ਕਰ ਦਿਤਾ। ਘਾਹ ਖੋਤਦੈ, ਵੇਚਦੈ, ਚਾਰ ਪੈਸੇ ਰੋਜ਼ ਕਮਾ ਕੇ, ਤਿੰਨ ਪੈਸੇ ਖਾਣ ਵਾਸਤੇ ਰੱਖਦੈ, ਇਕ ਪੈਸਾ ਗੁਰੂ ਕੇ ਨਮਿੱਤ ਜਮ੍ਹਾਂ ਕਰਦੈ। ਸੋ ਸਮਾਂ ਬੀਤਦਾ ਗਿਆ, ਗੁਰੂ ਪਿਆਰ ਦੇ ਅੰਦਰ ਬਹੁਤ ਜ਼ਿਆਦਾ ਖਿੱਚ ਵਿਚ। ਖਿੱਚਿਆ ਹੋਇਆ ਹਰ ਵਕਤ ਗੁਰੂ ਨੂੰ ਅਰਦਾਸਾਂ ਕਰਦੈ। ਦਰਸ਼ਨ ਦੀ ਲੋਚਾ ਮਨ ਵਿਚ ਜਾਗੀ ਰਹਿੰਦੀ ਸੀ। ਗੁਰੂ ਮਹਾਰਾਜ ਨੇ ਖਿੱਚ ਖਾਧੀ, ਹੁਕਮਨਾਮਾ ਭੇਜਿਆ, ਨਾਲ ਹੁਕਮ ਕਰ ਦਿਤਾ ਕਿ ਇਹ ਹੁਕਮਨਾਮਾ ਤਾਂ ਦੇਣਾ ਹੈ ਕਿ ਜੇ ਵੀਹ ਰੁਪਏ ਉਹ ਪਹਿਲਾਂ ਭੇਟਾ ਕਰੇ। ਪੈਸਾ ਕੋਈ ਨਹੀਂ ਕੋਲ, ਹੁਕਮਨਾਮਾ ਮੋੜ ਨਹੀਂ ਸਕਣਾ। ਜੇ ਸਰੀਰ ਵੇਚ ਕੇ ਬੈਅ ਵੀ ਕਰਨਾ ਪੈ ਜਾਵੇ, ਫੇਰ ਵੀ ਗੁਰੂ ਨੂੰ ਖੁਸ਼ ਕਰ ਲੈਣਾ ਚਾਹੀਦਾ ਹੈ –

*ਇਹੁ ਤਨੁ ਵੇਚੀ ਬੈ ਕਰੀ॥* *ਅੰਗ-੭੩੦*

ਬੜਾ ਸਸਤਾ ਸੌਦਾ ਹੈ ਕਿਉਂਕਿ ਸਰੀਰ ਤਾਂ ਕੋਈ ਚੀਜ਼ ਮਾਇਨੇ ਨਹੀਂ ਰਖਦੀ।ਉਹ ਤਾਂ ਕੁਛ ਵੀ ਨਹੀਂ ਹੈ। ਜੇ ਐਨੇ ਨਾਲ ਹੀ ਗੁਰੂ ਖੁਸ਼ ਹੋ ਜਾਵੇ, ਫੇਰ ਤਾਂ ਬਹੁਤ ਸਸਤਾ ਸੌਦਾ ਹੈ। ਸੋ ਲੜਕੀ ਗਹਿਣੇ ਪਾਈ, ਪੈਸੇ ਲਏ, ਦੂਜਾ ਹੁਕਮਨਾਮਾ ਥੋੜ੍ਹੇ ਸਮੇਂ ਬਾਅਦ ਫੇਰ ਆ ਗਿਆ। ਫੇਰ ਵੀਹ ਰੁਪਏ ਦੀ ਸ਼ਰਤ ਸੀ। ਫੇਰ ਉਸ ਨੇ ਘਰਵਾਲੀ ਆਪਣੀ ਗਹਿਣੇ ਪਾਈ। ਦੋਵੇਂ ਖੁਸ਼ੀ-ਖੁਸ਼ੀ ਇਸ ਗੱਲ ਦੇ ਵਾਸਤੇ ਤਿਆਰ ਹੋ ਗਏ ਕਿ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਲੈਣੀਆਂ ਨੇ ਚਾਹੇ ਸਾਰੇ ਪਰਿਵਾਰ ਦੇ ਸਰੀਰ ਲਗ ਜਾਣ।

ਗੁਰੂ ਅਮਰ ਹਸਤੀ ਹੋਇਆ ਕਰਦੀ ਹੈ। ਇਥੇ ਸਰੀਰ ਲਗ ਗਿਆ ਕੋਈ ਫਰਕ ਨਹੀਂ। ਦਰਗਾਹ ਵਿਚ ਗੁਰੂ ਦੇ ਕੋਲ ਵਾਸਾ ਮਿਲ ਜਾਵੇ, ਹੋਰ ਇਸ

ਤੋਂ ਵੱਡੀ ਕਿਹੜੀ ਚੀਜ਼ ਹੈ।

ਸੋ ਇਸ ਤਰ੍ਹਾਂ ਦੇ ਨਾਲ ਹੁਕਮ ਹੋ ਗਿਆ ਕਿ ਭਾਈ ਮੰਝ! ਫੌਰਨ ਸਾਡੇ ਕੋਲ ਪਹੁੰਚ ਜਾਹ। ਗੁਰੂ ਮਹਾਰਾਜ ਕੋਲ ਹਾਜ਼ਰ ਹੋ ਜਾਂਦੈ। ਪਰ ਗੁਰੂ ਮਹਾਰਾਜ ਨੇ ਬੁਲਾਇਆ ਤਕ ਨਾ। ਨਾ ਹਾਲ-ਚਾਲ ਪੁੱਛਿਆ, ਨਾ ਬੁਲਾਇਆ। ਸੇਵਾ ਕਰਦੈ ਸਾਧਾਰਣ। ਇੰਤਜ਼ਾਰ ਕਰਦੈ ਕਿ ਕਦੋਂ ਮੇਰਾ ਮਾਲਕ ਮੈਨੂੰ ਬੁਲਾਏਗਾ। ਦਿਨ ਲੰਘਦੇ ਗਏ, ਹਫਤੇ ਲੰਘਦੇ ਗਏ, ਮਹੀਨੇ ਲੰਘ ਗਏ, ਸਾਲ ਲੰਘ ਗਏ, ਪਰ ਗੁਰੂ ਮਹਾਰਾਜ ਨੇ ਕੋਈ ਧਿਆਨ ਨਾ ਦਿਤਾ। ਫੇਰ ਵੀ ਗੁਰੂ ਦੀ ਸੇਵਾ ਬਹੁਤ ਦਿਲ ਨਾਲ ਕਰਦੈ। ਚਾਉ ਨਾਲ ਕਰਦੈ। ਐਨਾ ਹੀ ਫਰਕ ਸਾਡੇ ਤੇ ਉਹਨਾਂ ਵਿਚ ਸੀ। ਅਸੀਂ ਨਹੀਂ ਸੀ ਕਰ ਸਕਦੇ, ਅਸੀਂ ਤਾਂ ਕਹਿਣਾ ਸੀ ਕਿ ਗੁਰੂ ਤਾਂ ਸਾਡੇ ਨਾਲ ਬੋਲਦਾ ਹੀ ਨਹੀਂ ਹੈ। ਕੀ ਪਤਾ ਕਿਹੜੀ ਗੱਲ ਦੇ ਨਾਲ ਨਰਾਜ਼ ਹੋ ਗਿਆ? ਉਹਨਾਂ ਦਾ ਇਹ ਸੀ ਕਿ -

*ਜੇ ਗੁਰੁ ਝਿੜਕੇ ਤ ਮੀਠਾ ਲਾਗੈ*
*ਜੇ ਬਖਸੇ ਤ ਗੁਰ ਵਡਿਆਈ ॥* ਅੰਗ- ੭੫੮

ਜੇ ਝਿੜਕਦੈ ਤਾਂ ਬੜਾ ਪਿਆਰਾ ਲਗਦੈ। ਜੇ ਬਖਸ਼ ਦਿੰਦੈ ਤਾਂ ਉਹਦੀ ਵਡਿਆਈ ਹੈ। ਸੋ ਗੁਰੂ ਸੇਵਾ ਸਫਲ ਹੋਇਆ ਕਰਦੀ ਹੈ। ਹੋਰ ਸੇਵਾ ਜਿਹੜੀਆਂ ਨੇ ਉਹ ਗੁਰੂ ਦੀ ਸੇਵਾ 'ਦੇ ਮੁਕਾਬਲੇ 'ਤੇ ਨਹੀਂ ਜਾਂਦੀਆ। ਕਿਉਂਕਿ ਗੁਰੂ ਦੀ ਸੇਵਾ ਕਰਨ ਦੇ ਨਾਲ ਜੋ ਸਾਡੇ ਜਨਮਾਂ-ਜਨਮਾਂਤਰਾਂ ਦੇ ਕਰੋੜਾਂ ਜਨਮਾਂ ਦੇ ਲੇਖੇ ਪੱਤੇ ਧਰਮਰਾਜ ਦੇ ਰਜਿਸਟਰ ਬਣੇ ਪਏ ਨੇ ਉਹ ਸਾਰੇ ਫਟ ਜਾਂਦੇ ਨੇ, ਸਾਨੂੰ ਕੋਈ ਨਹੀਂ ਲੇਖਾ ਦੇਣ ਵਾਸਤੇ ਰਹਿੰਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ -

*ਧਾਰਨਾ - ਪਿਆਰੇ ਕਰ ਲੈ ਗੁਰਾਂ ਦੀ ਸੇਵਾ,*
*ਲੇਖਾ ਮੰਗੇ ਕੋਈ ਨਾ।*

ਆਦਮੀ ਸੇਵਾ ਵੀ ਕਰਦੈ, ਦਿਨ ਰਾਤ ਇਕ ਕਰਦੈ। ਜੇ ਲੇਖਾ ਦੇਣਾ ਸਿਰ ਰਹਿ ਗਿਆ, ਉਹ ਕਾਹਦੀ ਸੇਵਾ ਹੋਈ? ਕਿਉਂਕਿ ਦੋ ਸੇਵਾ ਗੁਰੂ ਘਰ 'ਚ ਪ੍ਰਧਾਨ ਨੇ, ਇਕ ਸਿਮਰਨ ਹੈ, ਜਿਸਨੂੰ ਯਾਦ ਕਹਿੰਦੇ ਨੇ, ਹਰ ਵਕਤ ਯਾਦ ਰੱਖਣਾ ਵਾਹਿਗੁਰੂ ਨੂੰ। ਉਹਦੇ ਨਾਲ ਜੁੜੇ ਰਹਿਣਾ, ਯਾਦ ਦੇ ਰਾਹੀਂ। ਦੂਸਰਾ ਸੇਵਾ ਹੈ। ਸੇਵਾ ਸੰਸਾਰ ਦੇ ਅੰਦਰ ਬਹੁਤ ਕਿਸਮ ਦੀ ਹੈ। ਫਲ ਵੀ ਉਹਦੇ ਹੈਗੇ, ਥੋੜ੍ਹੇ-ਥੋੜ੍ਹੇ। ਕਿਸੇ ਦੇ ਬਹੁਤੇ ਨੇ, ਕਿਸੇ ਦੇ ਥੋੜ੍ਹੇ ਨੇ। ਬਾਲ-ਬੱਚਿਆਂ ਦੀ ਸੇਵਾ ਕਰਦੈ। ਇਕ ਕਰਜ਼ ਉਤਾਰ ਰਿਹੈ। ਉਹਦੇ ਪਿਤਾ ਨੇ ਉਹਨੂੰ ਪਾਲਿਆ ਸੀ, ਇਹ ਆਪਣੇ ਬੱਚਿਆਂ ਨੂੰ ਪਾਲ ਦਿੰਦੈ। ਆਸ ਇਹ ਰੱਖਦੈ ਕਿ ਬੁਢਾਪੇ ਦੇ ਅੰਦਰ ਇਹ ਖੱਟ ਕੇ, ਕਮਾ ਕੇ, ਲਿਆ ਕੇ ਮੈਨੂੰ ਦੇਣਗੇ। ਜਦੋਂ ਮੇਰਾ ਸਰੀਰ ਤੁਰਨ ਤੋਂ ਰਹਿ ਜਾਏਗਾ, ਡੋਲਣ ਲਗ ਜਾਏਗਾ -

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥* ਅੰਗ - ੧੩੮੧

ਐਸੀ ਅਵਸਥਾ ਹੋ ਜਾਏਗੀ। ਉਸ ਵੇਲੇ ਜਿਨ੍ਹਾਂ ਦੀ ਮੈਂ ਸੇਵਾ ਕਰੀ ਹੈ, ਉਹ ਆ ਕੇ ਮੇਰੀ ਸਹਾਇਤਾ ਕਰਨਗੇ। ਕੋਈ ਭਾਗਾਂ ਵਾਲਾ ਬੰਦਾ ਹੈ ਇਕ-ਅੱਧਾ, ਜਿਹਨੂੰ ਸ਼ਾਇਦ ਥੋੜ੍ਹਾ-ਬਹੁਤਾ reward ਮਿਲ ਜਾਵੇ, ਬਹੁਤਾ ਨਹੀਂ। ਜਿੰਨਾਂ ਉਹ expect ਕਰਦੈ ਓਨਾਂ ਨਹੀਂ ਹੈ। ਰੱਬ ਤਰਸੀ ਥੋੜ੍ਹਾ ਬਹੁਤ ਮਿਲ ਜਾਵੇ ਕਿਉਂਕਿ ਕਲਜੁਗ ਦਾ ਜ਼ਮਾਨਾ ਆ ਗਿਆ। ਪਹਿਲੇ ਜ਼ਮਾਨਿਆਂ ਦੇ ਅੰਦਰ ਮਾਂ-ਪਿਓ ਦੀ ਬਹੁਤ ਸੇਵਾ ਹੋਇਆ ਕਰਦੀ ਸੀ। ਇਹਨਾਂ ਨੂੰ ਤੀਰਥ ਗਿਣਿਆ ਜਾਂਦਾ ਸੀ। ਸੋ ਮਾਂ-ਪਿਓ ਦੀ ਸੇਵਾ ਕਰਕੇ, ਵਣਾਂ 'ਚ ਜਾ ਕੇ ਤਪ ਕਰਨ ਦੀ ਲੋੜ ਨਹੀਂ ਸੀ। ਤੀਰਥਾਂ 'ਤੇ ਘੁੰਮਣ ਦੀ ਲੋੜ ਨਹੀਂ ਸੀ। ਦਾਨ ਕਰਨ ਦੀ ਲੋੜ ਨਹੀਂ ਸੀ, ਕਿਉਂਕਿ ਮਾਂ-ਬਾਪ ਦੀ ਸੇਵਾ ਕਰ ਰਿਹਾ ਸੀ। ਸਮਾਂ ਬਦਲ ਗਿਆ, ਬੋਝ ਬਣ ਗਏ ਮਾਂ-ਬਾਪ। ਮਰਿਆਦਾ ਹਟ ਗਈ, ਸਾਰੀ ਜੀਵਨ ਮਰਿਆਦਾ ਹਟਣ ਦੇ ਨਾਲ, ਆਪ-ਹੁਦਰਾ ਜੀਵਨ ਹੋ ਗਿਆ ਸੰਸਾਰ ਦਾ। ਬੱਚੇ ਛੇਤੀ ਚਾਹੁੰਦੇ ਨੇ ਕਿ ਪਾਸੇ ਹਟੀਏ। ਇਹਨਾਂ ਦਾ ਬੋਝ ਸਾਡੇ 'ਤੇ ਨਾ ਪਵੇ। ਫੇਰ ਸੇਵਾ ਕਰੀ ਕਿਸੇ ਲੇਖੇ ਵਿਚ ਤਾਂ ਨਾ ਆਈ। ਹੋਰ ਸੇਵਾ ਕਰੀ। ਹਉਮੈ ਦੇ ਨਾਲ ਵਡਿਆਈਆਂ ਹੁੰਦੀਆਂ ਨੇ। ਸਟੇਜਾਂ 'ਤੇ ਕਹਿੰਦੇ ਨੇ ਕਿ ਬੜਾ ਸੇਵਾਦਾਰ ਹੈ। ਇਹਨੇ ਆਹ ਸੜਕ ਬਣਵਾ ਦਿਤੀ ਜੀ, ਇਹਨੇ ਆਹ ਖੂਹ ਲਗਵਾ ਦਿਤਾ ਜੀ, ਇਹਨੇ ਫਲਾਣਾ ਕਰ ਦਿਤਾ, ਦਰਖ਼ਤ ਲਵਾ ਦਿਤੇ। ਪਰ ਇਹ ਸੇਵਾ ਐਸੀ ਨਹੀਂ ਹੈ, ਪੁੰਨ ਤਾਂ ਬਣਾ ਦਿੰਦੀ ਹੈ, ਲੇਖਾ ਨਹੀਂ ਨਿਬੇੜਦੀ। ਪੁੰਨ ਬਣ ਕੇ ਸਵਰਗਾਂ ਦੇ ਵਿਚ ਤਾਂ ਪਹੁੰਚਾਂ ਦੇਵੇਗੀ। ਲੇਕਿਨ ਲੇਖਾ ਫੇਰ ਸਿਰ 'ਤੇ ਰਹਿ ਜਾਂਦੈ। ਪਾਪਾਂ ਨੂੰ ਕੱਟਦੀ ਨਹੀਂ ਹੈ। ਸੋ ਕਹਿੰਦੇ ਨੇ ਕਿ ਜਿਹੜੀ ਸੇਵਾ ਦੇ ਵਿਚ ਲੇਖਾ ਮੰਗਿਆ ਜਾਵੇ, ਫੇਰ ਉਹ ਸੇਵਾ ਸੁਖਾਲੀ ਨਹੀਂ, ਫੇਰ ਤਾਂ ਔਖੀ ਬਣ ਜਾਂਦੀ ਹੈ -

*ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ*
*ਸਾ ਸੇਵਾ ਅਉਖੀ ਹੋਈ ॥* ਅੰਗ - ੩੦੬

ਲੇਖਾ ਤਾਂ ਸਿਰ ਰਹਿ ਗਿਆ –

*ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ*
*ਫਿਰਿ ਲੇਖਾ ਮੰਗੈ ਨ ਕੋਈ ॥ ਅੰਗ- ੩੦੬*

ਜੋ ਸਾਮ੍ਹਣੇ ਪ੍ਰਤੱਖ ਗੁਰੂ ਹੈ ਉਹਦੀ ਸੇਵਾ ਕਰੋ। ਮਹਾਂਪੁਰਸ਼ ਦੀ ਸੇਵਾ ਕਰੋ। 'ਫਿਰਿ ਲੇਖਾ ਮੰਗੈ ਨ ਕੋਈ ॥' ਕਿਸੇ ਦੀ ਤਾਕਤ ਹੀ ਨਹੀਂ ਹੈ ਕਿ ਉਹਦਾ ਲੇਖਾ ਮੰਗ ਲਵੇ।

ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਗੁਰੂ ਦਸਵੇਂ ਪਾਤਸ਼ਾਹ ਦੇ ਜੋ ਮੁੱਖ ਪੰਜ ਪਿਆਰੇ ਹੁੰਦੇ ਜਥੇਦਾਰ, ਭਾਈ ਦਇਆ ਸਿੰਘ ਜੀ, ਉਹਨਾਂ ਨੇ ਪ੍ਰਚਾਰ ਦੀ ਵਾਗਡੋਰ, ਰੂਹਾਨੀ ਵਿਦਿਆ ਦੀ ਦਾਤ, ਬਾਬਾ ਸੋਭਾ ਸਿੰਘ ਜੀ ਨੂੰ ਦਿਤੀ ਕਿਉਂਕਿ ਸੰਤਾਂ ਦੇ ਕੋਲ ਇਕ ਚੀਜ਼ ਹੁੰਦੀ ਹੈ। ਉਹ ਅੱਖਾਂ ਨਾਲ ਨਹੀਂ ਦਿਸਦੀ, ਉਹ ਹੱਥਾਂ ਨਾਲ ਛੂਹੀ ਨਹੀਂ ਜਾਂਦੀ, ਕੰਨਾਂ ਨਾਲ ਸੁਣੀ ਨਹੀਂ ਜਾਂਦੀ। ਉਹ ਬ੍ਰਹਮ ਗਿਆਨ ਦਾ ਭੰਡਾਰ ਹੋਇਆ ਕਰਦੇ ਨੇ। ਜਿਥੇ ਬ੍ਰਹਮ ਗਿਆਨ ਦਾ ਭੰਡਾਰ ਹੋਏਗਾ ਉਥੇ ਰਿੱਧੀ-ਸਿੱਧੀ ਨਾਲ ਹੋਏਗੀ, ਸ਼ਕਤੀਆਂ ਨਾਲ ਹੋਣਗੀਆਂ। ਸੋ ਮਹਾਂਪੁਰਸ਼ ਕਿਸੇ ਇਕ ਨੂੰ ਅਧਿਕਾਰੀ ਜਗਿਆਸੂ ਜਾਣ ਕੇ ਇਹ ਸੌਂਪ ਜਾਂਦੇ ਨੇ। ਕ੍ਰਿਪਾ ਤਾਂ ਦੂਸਰਿਆਂ 'ਤੇ ਵੀ ਹੁੰਦੀ ਹੈ। ਪਰ ਇਕ 'ਤੇ ਕ੍ਰਿਪਾ ਹੋ ਕੇ ਜਿਹਨੂੰ ਥਾਪ ਦਿਤਾ, ਉਹਦੇ ਉਤੇ ਉਹਨਾਂ ਦੀ ਦ੍ਰਿਸ਼ਟੀ ਜ਼ਿਆਦਾ ਹੋਇਆ ਕਰਦੀ ਹੈ।

ਆਪ ਨੇ ਬਾਬਾ ਸੋਭਾ ਸਿੰਘ, ਜੋ ਸੋਢੀ ਸਨ ਸ੍ਰੀ ਅਨੰਦਪੁਰ ਸਾਹਿਬ ਦੇ, ਉਹਨਾਂ 'ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਜੋ ਗੁਰੂ ਦਸ਼ਮੇਸ਼ ਪਿਤਾ ਤੋਂ ਬ੍ਰਹਮ ਗਿਆਨ ਦੇ ਭੰਡਾਰੇ, ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਸੀ ਉਹ ਸਾਰੇ ਉਹਨਾਂ ਨੂੰ ਸੌਂਪ ਦਿਤੇ ਕਿਉਂਕਿ ਜਾਇਦਾਦ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਬਿੰਦੀ ਓਲਾਦ ਹੋਇਆ ਕਰਦੀ ਹੈ, ਉਹਨਾਂ ਦੇ ਮਿੱਟੀਆਂ, ਇੱਟਾਂ-ਵੱਟੇ ਹਿੱਸੇ 'ਚ ਆਇਆ ਕਰਦੇ ਨੇ। ਪੈਸਾ ਉਹਨਾਂ ਦੇ ਹਿੱਸੇ 'ਚ ਆ ਜਾਇਆ ਕਰਦੈ। ਪਰ ਦੂਸਰੀ ਨਾਦੀ ਵੰਸ ਹੋਇਆ ਕਰਦੀ ਹੈ। ਉਹਦੇ ਵਿਚ ਬ੍ਰਹਮ ਗਿਆਨ ਦੇ ਭੰਡਾਰੇ, ਸਾਰੀਆਂ ਸ਼ਕਤੀਆਂ, ਸੇਵਾ-ਸਿਮਰਨ ਦੀ ਤਾਕਤ, ਉਹ ਮਹਾਂਪੁਰਸ਼ ਅੱਗੇ hand-over ਕਰ ਦਿਆ ਕਰਦੇ ਨੇ। ਅੱਗੇ ਚਲਾ ਦਿਆ ਕਰਦੇ ਨੇ। ਸੋ ਬਾਬਾ ਸੋਭਾ ਸਿੰਘ ਜੀ ਦੇ ਪਾਸ, ਆਪ ਜੀ ਨੇ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਨੂੰ, ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ 12ਵੀਂ ਪੁਸ਼ਤ ਵਿਚੋਂ ਸਨ, ਜੋ ਜਮਾਂਦਰੂ ਸਿੱਧ ਸਨ, ਉਹਨਾਂ ਨੂੰ ਠੀਕ ਯੋਗ ਜਾਣ ਕੇ ਸੰਭਾਲ ਦਿਤੀ।

ਆਪ ਜੀ ਊਨਾ ਸਾਹਿਬ ਰਿਹਾ ਕਰਦੇ ਸੀ। ਸਾਰੇ ਬਜ਼ਾਰ ਦੇ ਅੰਦਰ ਫਿਰ ਤੁਰ ਕੇ, ਨਾਲ ਬਾਰ੍ਹਾਂ ਚੌਦਾਂ ਹਜ਼ਾਰ ਸਿੰਘ ਰੱਖਿਆ ਕਰਦੇ ਸੀ ਤੇ ਥਾਂ-ਥਾਂ 'ਤੇ ਸਾਰੇ ਪੰਜਾਬ ਵਿਚ ਘੁੰਮ ਕੇ, ਜਿਥੇ ਕਿਤੇ ਵੀ ਪ੍ਰੀਤੀ ਹੁੰਦੀ ਆਪ ਉਸੇ ਥਾਂ 'ਤੇ ਆਪ ਪ੍ਰਚਾਰ ਕਰਿਆ ਕਰਦੇ ਸੀ। ਆਪ ਜੀ ਦਾ ਲੰਗਰ ਬਹੁਤ ਵੱਡਾ ਸੀ। ਵੱਡੇ-ਵੱਡੇ ਦੇਗੇ ਸੀ, ਜਿਨ੍ਹਾਂ ਵਿਚ ਕਿੰਨੇ-ਕਿੰਨੇ ਮਣ ਦਾਲ ਬਣਨੀ। ਜਦੋਂ ਦੇਗਿਆਂ ਦੀ ਸਫਾਈ ਕਰਨੀ ਤਾਂ ਉਹਨਾਂ ਦੇ ਬਾਹਰ ਕੁੰਡੇ ਲਾਏ ਹੋਏ ਸੀ, ਪੌੜੀਆਂ ਲਾ ਕੇ। ਦੇਗੇ ਦੇ ਵਿਚ ਉਤਰ ਕੇ ਉਹਦੀ ਸਫਾਈ ਹੋਇਆ ਕਰਦੀ ਸੀ। ਐਡੇ-ਐਡੇ ਦੇਗੇ ਸੀ।

ਸੋ ਆਪ ਜੀ ਦੇ ਲੰਗਰ ਦੇ ਅੰਦਰ ਭਾਈ ਭਾਗ ਸਿੰਘ ਨਾਮ ਕਰਕੇ ਲਾਂਗਰੀ ਸਨ। ਦਿਨ ਰਾਤ ਸੇਵਾ ਕਰਦੇ ਸੀ ਕਿਉਂਕਿ ਸੇਵਾਦਾਰ ਜਿਹੜਾ ਹੁੰਦੈ, ਸਮਾਂ-ਬੇ-ਸਮਾਂ ਨਹੀਂ ਉਹਦੇ ਕੋਲ ਹੋਇਆ ਕਰਦਾ। ਦਿਨ ਰਾਤ ਹੀ ਸੇਵਾ ਕਰਦੈ। ਫੇਰ ਇਹ ਸਵਾਲ ਹੁੰਦੈ ਕਿ ਉਹ ਅਰਾਮ ਵੀ ਕਰਦੈ? ਦੋਵੇਂ ਤਰ੍ਹਾਂ ਨਾਲ ਹੈ। ਅਰਾਮ ਤੋਂ ਬਗੈਰ ਵੀ ਉਹਨੂੰ ਸਰ ਜਾਂਦੈ, ਅਰਾਮ ਵੀ ਕਰਦੈ। ਜੇ ਮਹਾਂਪੁਰਸ਼ਾਂ ਦੀ ਨਿਗ੍ਹਾ ਹੋਵੇ ਅਰਾਮ ਨਾਮ ਦੀ ਕੋਈ ਚੀਜ਼ ਹੀ ਨਹੀਂ ਹੋਇਆ ਕਰਦੀ। ਵੈਸੇ ਹੀ ਐਨੀ ਐਨਰਜੀ ਪੈਦਾ ਹੋ ਜਾਂਦੀ ਹੈ ਸੇਵਾ ਦੇ ਵਿਚ ਕਿ ਅਕੇਵਾਂ ਤੇ ਥਕੇਵਾਂ ਨੇੜੇ ਨਹੀਂ ਆਉਂਦਾ, ਪੈਰ ਨਹੀਂ ਲੱਗਿਆ ਕਰਦਾ ਧਰਤੀ 'ਤੇ, ਐਨਾ ਚਾਉ ਹੋਇਆ ਕਰਦਾ। ਸੋ ਇਸ ਤਰ੍ਹਾਂ ਨਾਲ ਆਪ ਵਧ-ਚੜ੍ਹ ਕੇ ਸੇਵਾ ਕਰਦੇ ਸੀ। ਆਪ ਜੀ ਦੀ ਮਾਤਾ ਚੜ੍ਹਾਈ ਕਰ ਗਈ। ਬਾਬਾ ਜੀ ਨੂੰ ਦਸਿਆ ਕਿ ਆਪ ਦੇ ਲਾਂਗਰੀ ਦੀ ਮਾਤਾ ਜੀ ਚੜ੍ਹਾਈ ਕਰ ਗਏ। ਬਾਬਾ ਜੀ ਅੰਤਰ ਧਿਆਨ ਹੋਏ, ਕਹਿਣ ਲੱਗੇ ਇੰਤਜ਼ਾਰ ਕਰਿਓ ਸਾਨੂੰ ਪੁੱਛ ਕਿ ਸਸਕਾਰ ਕਰਿਓ। ਸੋ ਉਧਰਲੇ ਪਾਸੇ ਮਾਤਾ ਜੀ ਗਲਤੀ ਦੇ ਨਾਲ ਧਰਮਰਾਜ ਕੋਲ ਚਲੇ ਗਏ। ਧਰਮਰਾਜ ਦੇ ਜਦੋਂ ਪੇਸ਼ ਹੋਏ, ਨਾਉਂ ਕਢਾਇਆ, ਨਾਉਂ ਨਿਕਲਿਆ ਨਾ। ਉਸ ਵੇਲੇ ਧਰਮਰਾਜ ਨੇ ਬੜਾ ਸਤਿਕਾਰ ਕੀਤਾ। ਕਹਿਣ ਲੱਗੇ, ਇਹ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਘਰੋਂ ਪਟੇ 'ਤੇ ਹੈ ਮੇਰੇ ਕੋਲ ਤਾਂ ਹੈ ਨਹੀਂ, ਮੇਰੇ ਕੋਲ ਤਾਂ ਜਿਹੜੇ ਆਉਂਦੇ ਨੇ –

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅੰਗ - ੩੮*

ਪਾਪੀ ਪੁੰਨੀ ਆਉਂਦੇ ਨੇ ਜਾਂ ਦ੍ਵੈਤ ਭਾਵ ਵਾਲੇ ਦੁਸ਼ਟ ਆਉਂਦੇ ਨੇ। ਸੋ ਬਾ-ਇਜ਼ਤ ਤਰੀਕੇ ਨਾਲ ਇਸ ਨੂੰ ਵਾਪਿਸ ਕਰ ਦਿਤਾ। ਬੜਾ ਸਤਿਕਾਰ ਕੀਤਾ-

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥* *ਅੰਗ - ੨੭੧*

ਇਥੇ ਸੇਵਾ ਕਰਨ ਵਾਲਾ, ਸਾਧੂਆਂ ਦੀ ਸੰਗਤ ਕਰਨ ਵਾਲਾ, ਜੋ ਪ੍ਰੇਮੀ ਪੁਰਸ਼ ਹੈ, ਉਹਦੀ ਸੋਭਾ ਦੇਵਤਿਆਂ, ਸਵਰਗ ਲੋਕਾਂ ਦੇ ਅੰਦਰ, ਅਮਰ ਲੋਕਾਂ ਦੇ ਅੰਦਰ ਹੋਣ ਲਗ ਜਾਂਦੀ ਹੈ। ਸੋ ਸੋਭਾ ਹੋਈ ਉਸਦੀ, ਸਤਿਕਾਰ ਕੀਤਾ। ਮਾਤਾ ਜੀ ਨੇ ਇੱਛਾ ਜ਼ਾਹਿਰ ਕਰੀ ਕਿ ਮੈਂ ਜਿਥੇ ਜਾਣਾ ਹੈ ਸਰੀਰ ਛੱਡਣ ਤੋਂ ਬਾਅਦ, ਮੈਨੂੰ ਉਹ ਜਗ੍ਹਾ ਦਿਖਾ ਦਿਓ। ਉਹ ਸੰਤ ਮੰਡਲ ਜਿਥੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਦਰਗਾਹ ਸੀ, ਉਥੇ ਭੇਜ ਦਿਤਾ ਤੇ ਉਥੋਂ ਪਤਾ ਲੱਗਿਆ ਕਿ ਅਜੇ ਤਾਂ ਸੱਤ ਸਾਲ ਇਸ ਦੇ ਹੋਰ ਰਹਿੰਦੇ ਨੇ। ਵਾਪਸ ਭੇਜ ਦਿਤੀ। ਸਰੀਰ ਵਿਚ ਆ ਗਈ, ਉੱਠ ਕੇ ਬਾਬਾ ਜੀ ਕੋਲ ਚਲੀ ਗਈ। ਬਾਬਾ ਜੀ ਨੇ ਪੁੱਛਿਆ ਮਾਤਾ ਕਿਵੇਂ ਹੋਇਆ? ਸਾਰੀ ਬਾਤ ਦੱਸੀ।

ਬਾਬਾ ਜੀ ਕਹਿਣ ਲੱਗੇ, ਦੇਖੋ, ਪ੍ਰੇਮੀਓ! ਇਹ ਸਤਿਗੁਰੂ ਦੀ ਸੇਵਾ ਕਰਦੀ ਹੈ, ਸੰਗਤਾਂ ਦੀ ਸੇਵਾ ਕਰਦੀ ਹੈ, ਲੰਗਰ ਵਿਚ ਬਰਤਨ ਮਾਂਜਦੀ ਹੈ, ਪ੍ਰਸ਼ਾਦੇ ਲਾਹੁੰਦੀ ਹੈ, ਝਾੜੂ ਦਿੰਦੀ ਹੈ। ਦੇਖੋ ਧਰਮਰਾਜ ਦੇ ਦਰ ਦੇ ਉਤੇ ਲੇਖਾ ਨਹੀਂ ਇਸ ਤੋਂ ਮੰਗਿਆ ਗਿਆ। ਇਹਦੀ ਸੇਵਾ ਕੀਤੀ ਗਈ, ਸਤਿਕਾਰ ਕੀਤਾ ਗਿਆ। ਇਹਦੀ ਬਾਤ ਮੰਨ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਦਰਗਾਹ ਦਿਖਾਈ ਗਈ। ਸੋ ਇਹ ਫਲ ਹੋਇਆ ਕਰਦਾ ਹੈ ਗੁਰੂ ਦੀ ਸੇਵਾ ਦਾ –

*ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ*
*ਸਾ ਸੇਵਾ ਅਉਖੀ ਹੋਈ ॥* *ਅੰਗ- ੩੦੬*

ਕਾਹਦੀ ਸੇਵਾ ਹੈ, ਜਿਹਦੀ ਸੇਵਾ ਕਰਕੇ ਫੇਰ ਲੇਖਾ ਹੀ ਦੇਣਾ ਪੈ ਗਿਆ।

*ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ*
*ਫਿਰਿ ਲੇਖਾ ਮੰਗੈ ਨ ਕੋਈ ॥* *ਅੰਗ- ੩੦੬*

ਉਥੇ ਨਹੀਂ ਫੇਰ ਲੇਖਾ ਹੁੰਦਾ, ਲੇਖਾ ਪਾਟ ਜਾਂਦੈ–

*ਰੇ ਮਨ ਟਹਲ ਹਰਿ ਸੁਖ ਸਾਰ ॥* *ਅੰਗ- ੯੮੬*

ਸੁੱਖਾਂ ਦਾ ਜੋ ਸਾਰ ਹੈ, ਉਹ ਟਹਲ ਪ੍ਰਮੇਸ਼ਰ ਦੀ ਟਹਲ ਹੈ। ਵਾਹਿਗੁਰੂ ਦੀ ਟਹਲ ਹੈ –

*ਅਵਰ ਟਹਲਾ ਝੂਠੀਆ*
*ਨਿਤ ਕਰੈ ਜਮੁ ਸਿਰਿ ਮਾਰ॥* *ਅੰਗ- ੯੮੬*

ਬਾਕੀ ਟਹਿਲਾਂ ਤਾਂ ਬੇਅੰਤ ਨੇ, ਮਹਾਰਾਜ ਕਹਿੰਦੇ, ਇਹ ਸੱਚੀਆਂ ਨਹੀਂ ਹਨ ਝੂਠੀਆਂ ਨੇ ਤੇ ਰੋਜ਼ ਜਮਾਂ ਦਾ ਜੋ ਰਾਜਾ ਹੈ, ਧਰਮ ਰਾਜ, ਉਹ ਇਹਦੇ ਸਿਰ 'ਤੇ ਵਾਰ ਕਰਦੈ। ਸੋ ਇਸ ਤਰ੍ਹਾਂ ਕਰਕੇ ਸੇਵਾ ਕਰਨ ਵਾਲਾ, ਧਰਮਰਾਜ ਦੇ ਨਹੀਂ ਜਾਂਦਾ। ਚੌਰਾਸੀ ਦੇ ਚੱਕਰ 'ਚ ਨਹੀਂ ਜਾਂਦਾ, ਪਰ ਇਕ ਵਿਧੀ ਹੁੰਦੀ ਹੈ, ਜਿੰਨਾਂ ਚਿਰ ਪੂਰੇ ਤਰੀਕੇ ਨਾਲ ਸੇਵਾ ਕਰਨ ਦੀ ਜਾਚ ਨਹੀਂ ਆਉਂਦੀ, ਓਨੀਂ ਦੇਰ ਤਕ ਇਹ ਬਾਤ ਨਹੀਂ ਬਣਦੀ। ਸੋ ਗੁਰੂ ਮਹਾਰਾਜ ਕਹਿੰਦੇ, ਤੂੰ ਭਾਈ! ਪਹਿਲਾਂ ਸੇਵਾ ਦਾ ਤਰੀਕਾ ਸਿੱਖ –

*ਧਾਰਨਾ – ਕੱਟਿਆ ਜਾਣਾ ਨਹੀਂ ਚੌਰਾਸੀ ਵਾਲਾ ਗੇੜਾ,*
*ਸੇਵਾ ਕਰਕੇ ਮਾਣ ਨਾ ਕਰੀਂ।*

ਦੋ ਤਰੀਕੇ ਨੇ, ਇਕ ਸੇਵਾ ਕਰਕੇ ਦਿਖਾਉਂਦਾ ਫਿਰਦੈ। ਸਾਰਿਆਂ ਨੂੰ ਕਹਿੰਦਾ ਹੈ ਕਿ ਮੈਂ ਇਹ ਸੇਵਾ ਕਰੀ ਹੈ। ਗੁਰਦੁਆਰੇ ਦੇ ਵਿਚ ਕੋਈ ਸੇਵਾ ਕਰਾ ਦਿਤੀ। ਦਸਦਾ ਫਿਰਦਾ ਹੈ ਕਿ ਨਾਲਦਿਆਂ ਨੂੰ ਮੈਂ ਦਸ ਤਾਂ ਦੇਵਾਂ ਕਿ ਆਹ ਮੈਂ ਕਰਾਈ ਹੈ। ਮਹਾਰਾਜ ਕਹਿੰਦੇ, ਤੂੰ ਜੇ ਇਹ ਗੱਲ ਕਹਿ ਦੇਵੇਂਗਾ, ਮੈਂ ਇਹ ਸੇਵਾ ਕਰੀ ਹੈ, ਤਾਂ ਤੇਰੀ ਸੇਵਾ ਥਾਂ ਨਹੀਂ ਪੈਣੀ। ਮਹਾਂਪੁਰਸ਼ ਇਸੇ ਕਰਕੇ ਕਦੇ ਵੀ ਸੇਵਾਦਾਰ ਦੀ ਪ੍ਰਸੰਸਾ ਨਹੀਂ ਕਰਦੇ। ਦੁਨੀਆਂਦਾਰ ਬੰਦੇ ਬਿਲਕੁਲ ਕੁਛ ਨਾ ਕਰੇ, ਉਹਨੂੰ ਅਸਮਾਨ 'ਤੇ ਚੜ੍ਹਾ ਦਿੰਦੇ ਨੇ। ਸੰਤਾਂ ਨੂੰ ਪਤਾ ਹੈ ਕਿ ਇਹਦੀ ਸੇਵਾ ਇਹਦੇ ਪੱਲੇ ਕੱਖ ਜਿੰਨੀ ਵੀ ਨਹੀਂ ਰਹਿਣੀ ਜੇ ਇਹਦੀ ਵਡਿਆਈ ਕਰ ਦਿਤੀ। ਕਹਿ ਦਿਤਾ ਇਕ ਵਾਰੀ ਕਿ ਤੂੰ ਬੜਾ ਸੇਵਾਦਾਰ ਹੈਂ। ਸਭ ਨਿਗ੍ਹਾ 'ਚ ਰਖਦੇ ਨੇ। ਜਿਹਨੂੰ ਖਰਾਬ ਕਰਨਾ ਹੁੰਦੈ, ਡੋਬਣਾ ਹੁੰਦੈ, ਉਹਦੀ ਪ੍ਰਸੰਸਾ ਕਰ ਦਿੰਦੇ ਨੇ ਕਿ ਇਹ ਬੜਾ ਸੇਵਾਦਾਰ ਹੈ। ਕਹਿਣ ਦੀ ਲੋੜ ਹੀ ਨਹੀਂ, ਕਿਉਂਕਿ ਸਾਰਿਆਂ ਦਾ ਸਬੰਧ ਗੁਰੂ ਨਾਲ ਹੁੰਦੈ। ਗੁਰੂ ਨਾਲ ਸਬੰਧ ਹੋਣ ਕਰਕੇ, ਗੁਰੂ ਸਭ ਨੂੰ ਜਾਣਦੈ। ਫੇਰ ਤਾਂ ਗਰਜ਼ ਹੁੰਦੀ ਹੈ ਕਿ ਉਸ ਬੰਦੇ ਨੂੰ ਵਡਿਆ ਦਿਓ। ਰੂਹਾਨੀ ਸੋਚ ਨਹੀਂ ਇਹ ਗੱਲ ਕਦੇ ਵੀ ਸੋਚਿਆ ਕਰਦਾ। ਰੂਹਾਨੀ ਸੋਚ ਤਾਂ ਬਿਲਕੁਲ ਵੱਖਰੀ ਹੈ ਸੰਸਾਰ ਨਾਲੋਂ। ਨਿਗ੍ਹਾ 'ਚ ਰੱਖਣੈ, ਲੇਕਿਨ ਵਡਿਆਈ ਨਹੀਂ ਕਦੇ ਵੀ ਕਰਨੀ। ਕਿਉਂਕਿ ਵਡਿਆਈ ਕਰਨ 'ਤੇ ਜੇ ਉਹਦੇ ਅੰਦਰ ਭੋਰਾ ਮਾਤਰ ਵੀ ego ਆ ਗਈ, ਸਪੈਸ਼ਲ ਬਣ ਗਿਆ। ਮਹਾਰਾਜ ਕਹਿੰਦੇ, ਉਹਦੀ ਸੇਵਾ ਗਈ ਆਈ –

*ਵਿਚਿ ਹਉਮੈ ਸੇਵਾ ਥਾਇ ਨ ਪਾਏ ॥ ਅੰਗ- ੧੦੭੧*

ਫੇਰ ਇਹ ਗੱਲ ਤਾਂ ਨਹੀਂ ਪੂਰੀ ਹੋਣੀ ਕਿ ਲੇਖਾ ਨਹੀਂ ਕਿਸੇ ਨੇ ਮੰਗਣਾ। ਕਹਿੰਦੇ, ਲੇਖਾ ਵੀ ਮੰਗਿਆ ਜਾਏਗਾ -

*ਜਨਮਿ ਮਰੈ ਫਿਰਿ ਆਵੈ ਜਾਏ ॥ ਅੰਗ - ੧੦੭੧*

ਕਿੱਡਾ ਨੁਕਸਾਨ ਕਰ ਦਿਤਾ, ਵਡਿਆਈ ਕਰਕੇ। ਪਤਾ ਨਹੀਂ ਨਾ ਹੈ, ਗੁਰਮਤਿ ਦੇ ਸਿਧਾਂਤ ਦਾ, ਤਾਂ ਵਡਿਆਈਆਂ ਕਰ ਦਿੰਦੇ ਨੇ ਕਿ ਇਹ ਬੜੇ ਸੇਵਾਦਾਰ ਨੇ ਜੀ, ਇਹ ਤਾਂ ਪਬਲੀਸਿਟੀ ਹੁੰਦੀ ਹੈ। ਲੋੜ ਹੀ ਨਹੀਂ ਹੈ ਇਹਨਾਂ ਚੀਜ਼ਾਂ ਦੀ। ਸੰਤਾਂ ਨੂੰ ਨਹੀਂ ਲੋੜ, ਦੁਨੀਆਦਾਰਾਂ ਨੂੰ ਲੋੜ ਹੁੰਦੀ ਹੈ ਕਿਉਂਕਿ ਸੰਤਾਂ ਦਾ ਸਿੱਧਾ ਸਬੰਧ ਵਾਹਿਗੁਰੂ ਨਾਲ ਹੁੰਦੈ। ਉਹਦੀ ਸਾਰੀ ਸ੍ਰਿਸ਼ਟੀ ਹੈ, ਉਹ 'ਇਕ' ਨੂੰ ਪ੍ਰਸੰਨ ਕਰਦੇ ਨੇ ਸੇਵਾ ਕਰਕੇ। ਸੰਸਾਰ ਨੂੰ ਪ੍ਰਸੰਨ ਕਰਨ ਦਾ ਕੋਈ ਉਹਨਾਂ ਦਾ ਮਤਲਬ ਨਹੀਂ ਹੁੰਦਾ। ਨਾ ਉਹਨਾਂ ਨੂੰ ਦਿਖਾਵੇ ਦੀ ਲੋੜ ਹੁੰਦੀ ਹੈ। ਨਾ ਉਹ ਇਹ ਗੱਲਾਂ ਚਾਹੁੰਦੇ ਨੇ। ਜਿਥੇ ਇਸ ਗੱਲ ਦਾ ਖਤਰਾ ਹੋਵੇ ਕਿ ਇਥੇ ਕੇਵਲ ਉਪਮਾ ਵਾਸਤੇ ਨੇ, ਪ੍ਰੇਮੀ ਤਾਂ ਹੈ ਨਹੀਂ, ਇਹ ਕੇਵਲ ਪ੍ਰਸੰਸਾ ਵਾਸਤੇ ਸੇਵਾ ਕਰਾ ਰਹੇ ਨੇ, ਉਥੇ ਸੰਤ ਜਾਣੋ ਹਟ ਜਾਂਦੇ ਨੇ ਕਿ ਉਥੇ ਜਾਣ ਦਾ ਕੋਈ ਫਾਇਦਾ ਨਹੀਂ, ਕਿਉਂਕਿ ਉਥੇ ਕੋਈ ਲਾਭ ਨਹੀਂ ਹੋਣਾ। ਸੋ - ***'ਵਿਚਿ ਹਉਮੈ ਸੇਵਾ ਥਾਇ ਨ ਪਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥ '*** ਜੰਮੇਗਾ, ਮਰੇਗਾ, ਆਵੇਗਾ, ਜਾਵੇਗਾ, ਫੇਰ ਸੇਵਾ ਤਾਂ ਸਫਲੀ ਨਾ ਹੋਈ ਕਿਉਂਕਿ ਥਾਂ ਨਾ ਪਈ -

*ਸੋ ਤਪੁ ਪੂਰਾ ਸਾਈ ਸੇਵਾ*
*ਜੋ ਹਰਿ ਮੇਰੇ ਮਨਿ ਭਾਣੀ ਹੇ ॥ ਅੰਗ- ੧੦੭੧*

ਜਿਹੜੀ ਭਾ ਗਈ ਪ੍ਰਮੇਸ਼ਰ ਨੂੰ ਉਹ ਪੂਰੀ ਹੈ, ਬਾਕੀ ਤਾਂ ਅਧੂਰੀ ਹੈ। ਸੋ ਪਹਿਲਾ ਇਹ ਹੁੰਦੈ ਕਿ ਸੇਵਾ ਕਰਕੇ ਦਿਖਾਵਾ ਨਾ ਕਰਨਾ। ਮਾਣ ਨਾ ਕਰਨਾ। ਦੂਸਰਾ ਹੋਇਆ ਕਰਦੈ - ਸੇਵਾ ਲਈ ਹਰ ਵਕਤ ਤਤਪਰ ਰਹਿਣਾ। ਹਰ ਵਕਤ ਦੇਖਣਾ, ਸਰੀਰ ਸਾਥ ਦਿੰਦੈ, ਨਹੀਂ ਦਿੰਦਾ, ਗੁਰੂ ਦੀ ਸੇਵਾ ਹੈ ਬੇਅੰਤ ਕਿਸਮ ਦੀ ਹੈ। ਲੰਗਰ ਵਰਤਾਉਣਾ ਸੇਵਾ ਹੈ, ਦਰੀਆਂ ਝਾੜਨੀਆਂ ਸੇਵਾ ਹੈ, ਪੱਖੇ ਝੁਲਾਉਣੇ ਸੇਵਾ ਹੈ, ਜੋੜੇ ਸਾਂਭਣੇ ਸੇਵਾ ਹੈ। ਕੀਰਤਨ ਕਰਨਾ ਸੇਵਾ ਹੈ, ਪਾਠ ਸਿਖਾਉਣਾ ਸੇਵਾ ਹੈ, ਪਾਠ ਕਰਨਾ ਸੇਵਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸੇਵਾ ਹੈ। ਗੁਰੂ ਘਰ ਦੀਆਂ ਬਹੁਤ ਸੇਵਾਵਾਂ ਨੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਜੋ ਸੇਵਾਦਾਰ ਹੈ ਉਹ ਖੜ੍ਹਾ ਹੋ ਕੇ ਸੇਵਾ ਕਰਦੈ, ਕਦੇ ਇਸ ਤਰ੍ਹਾਂ ਨਹੀਂ ਕਹਿੰਦਾ ਕਿ ਮੈਂ ਤਾਂ ਥੱਕਿਆ ਹੋਇਆ ਹਾਂ, ਮੇਰੇ ਤੋਂ ਜਾ ਨਹੀਂ ਹੋਣਾ। ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ-

*ਧਾਰਨਾ - ਤਨ ਮਨ ਆਗੈ ਰਖ ਕੇ, ਊਭੀ ਸੇਵ ਕਰੇਇ।*

ਸੇਵਾ ਦੀ ਜੋ ਦੂਸਰੀ ਰਹਿਤ ਹੈ, ਉਹ ਮਹਾਰਾਜ ਕਹਿੰਦੇ ਸੇਵਾ ਕਰਨ ਵੇਲੇ ਇਸ ਤਰ੍ਹਾਂ ਨਾ ਕਹੀਂ, ਮੈਂ ਥੱਕ ਗਿਆ। ਦਿਨ ਰਾਤ ਤਿਆਰ ਰਹਿ। 'ਊਭੀ' ਕਹਿੰਦੇ ਨੇ ਖੜ੍ਹੇ ਹੋਣ ਨੂੰ। ਇਥੇ 'ਊਭੀ' ਜੋ ਸ਼ਬਦ ਵਰਤਿਆ ਹੈ, ਇਹ ਬੀਬੀਆਂ ਦੇ ਤੌਰ 'ਤੇ ਵਰਤਿਆ ਹੈ ਜਿਵੇਂ ਉਹ ਪਤੀਆਂ ਦੀ ਸੇਵਾ ਕਰਦੀਆਂ ਨੇ, ਖੜ੍ਹੀਆਂ ਰਹਿ ਕੇ ਸੇਵਾ ਕਰਦੀਆਂ ਨੇ ਇਸ ਤਰ੍ਹਾਂ ਕਹਿੰਦੇ, ਗੁਰੂ ਦੀ ਸੇਵਾ, ਸੇਵਾਦਾਰ ਕਰੇ -

*ਹਸਤੀ ਸਿਰਿ ਜਿਉ ਅੰਕਸੁ ਹੈ*
*ਅਹਰਣਿ ਜਿਉ ਸਿਰੁ ਦੇਇ ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥*
*ਅੰਗ - ੬੪੭*

ਹਾਥੀ ਦੇ ਸਿਰ ਵਿਚ ਜਿਵੇਂ ਕੁੰਡਾ ਹੁੰਦੈ, ਮਹਾਵਤ ਜਿਹੜਾ ਹੈ ਉਹ ਸਿਰ ਦੇ ਵਿਚ ਮਾਰਦਾ ਹੈ। ਹਾਥੀ ਨੂੰ ਜਿਧਰ ਨੂੰ ਜੀਅ ਕਰੇ ਲੈ ਜਾਂਦਾ ਹੈ। ਜਿਧਰ ਨੂੰ ਮਹਾਵਤ ਨੇ ਜਾਣਾ ਹੁੰਦੈ, ਹਾਥੀ ਉਧਰ ਨੂੰ ਹੀ ਮੁਖ ਮੋੜ ਲੈਂਦਾ ਹੈ। ***'ਅਹਰਣਿ ਜਿਉ ਸਿਰੁ ਦੇਇ'*** ਜਿਵੇਂ ਅਹਿਰਣ ਦੇ ਥੱਲੇ ਸਿਰ ਦੇ ਦਿਓ। ਹਥੌੜਾ ਵੱਜਣਾ ਹੈ, ਵੱਜੀ ਜਾਵੇ - ***'ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥'*** ਇਸੇ ਤਰ੍ਹਾਂ ਗੁਰੂ ਦੇ ਚਰਨਾਂ ਵਿਚ ਆਪਣਾ ਤਨ ਤੇ ਮਨ ਰੱਖ ਕੇ, ਹਰ ਵਕਤ ਤਿਆਰ-ਬਰ-ਤਿਆਰ ਰਹੇ। ਸਦਾ ਹੀ ਇਸ ਗੱਲ ਦਾ ਇਲਤਜਾਹ (ਨਿਮਰ ਬੇਨਤੀ) ਕਰੇ ਕਿ ਸੱਚੇ ਪਾਤਸ਼ਾਹ! ਮੈਨੂੰ ਤੂੰ ਸੇਵਾ 'ਚ ਲਾ ਕੇ ਰੱਖੀਂ। ਆਪਣੀ ਸੇਵਾ ਕਰਾ ਲੈ, ਹਸਪਤਾਲਾਂ 'ਚ ਨਾ ਭੇਜੀਂ, ਕਚਹਿਰੀਆਂ 'ਚ ਨਾ ਭੇਜੀਂ। ਆਪਣੇ ਚਰਨੀਂ ਲਾ ਰੱਖ ਤੇਰੀ ਬੜੀ ਭਾਰੀ ਮਿਹਰ ਹੈ ਕਿਉਂਕਿ ਗੁਰੂ ਦੀ ਮਿਹਰ ਤੋਂ ਬਗੈਰ, ਸੇਵਾ ਨਹੀਂ ਕਿਸੇ ਨੂੰ ਮਿਲਿਆ ਕਰਦੀ -

*ਸੋ ਸੇਵਕੁ ਜੋ ਲਾਇਆ ਸੇਵ ॥*
*ਤਿਨ ਹੀ ਪਾਏ ਨਿਰੰਜਨ ਦੇਵ ॥ ਅੰਗ- ੧੧੫੯*

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - ੨੮੬*

ਜਿਹੜਾ ਸਾਰੀਆਂ ਕਾਮਨਾਵਾਂ ਛੱਡ ਕੇ ਕੇਵਲ ਗੁਰੂ ਨੂੰ ਪ੍ਰਸੰਨ ਕਰਨ ਵਾਸਤੇ ਸੇਵਾ ਕਰਦੈ, ਮਹਾਰਾਜ ਕਹਿੰਦੇ ਉਹਨੂੰ ਉਹ ਸੁਆਮੀ ਮਿਲ ਜਾਇਆ ਕਰਦੈ-

*ਇਉ ਗੁਰਮੁਖਿ ਆਪੁ ਨਿਵਾਰੀਐ*
*ਸਭੁ ਰਾਜੁ ਸ੍ਰਿਸਟਿ ਕਾ ਲੇਇ ॥* *ਅੰਗ - ੬੪੮*

ਇਸ ਤਰ੍ਹਾਂ ਕਹਿੰਦੇ ਆਪਾ ਭਾਵ ਛੱਡ ਕੇ, ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਹੋ ਜਾਇਆ ਕਰਦੀ ਹੈ। ਸੋ ਸੇਵਾ ਕਰਨ 'ਤੇ ਗੁਰੂ ਪ੍ਰਸੰਨ ਹੋਇਆ ਕਰਦੈ। ਮਹਾਰਾਜ ਕਹਿੰਦੇ, ਸੇਵਾ ਕਰਕੇ ਗੁਰੂ ਨੂੰ ਮਨਾ ਲੈ। ਕੀ ਹੋਏਗਾ? ਜਨਮਾਂ-ਜਨਮਾਂਤਰਾਂ ਦਾ ਪਾਪਾਂ ਦਾ ਖਾਤਮਾ ਹੋ ਜਾਏਗਾ -

*ਧਾਰਨਾ - ਸੇਵਾ ਕਰਕੇ ਮਨਾ ਲੈ ਗੁਰੂ ਆਪਣਾ,*
*ਪਾਪਾਂ ਵਾਲਾ ਨਾਸ਼ ਹੋਜੂਗਾ।*

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਅੰਗ - ੩੧੪*

ਜਦੋਂ ਗੁਰੂ ਦਾ ਮਨ ਮੰਨ ਜਾਵੇ ਤਾਂ ਫੇਰ ਸੇਵਾ ਸਫਲ ਹੋ ਜਾਂਦੀ ਹੈ -

*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*
*ਅੰਗ - ੩੧੪*

ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਹੈ -

*ਅਮਲੀ ਅਮਲ ਨ ਛਡਨੀ ਹੋਇ ਬਹਿਨ ਇਕਠੇ।*
*ਜਿਉ ਜੂਏ ਜੁਆਰੀਆ ਲਗਿ ਦਾਵ ਉਪਠੇ।*
*ਚੋਰੀ ਚੋਰ ਨ ਪਲਰਹਿ ਦੁਖ ਸਹਨਿ ਗਰਠੇ।*
*ਰਹਨਿ ਨ ਗਨਿਕਾ ਵਾੜਿਅਹੁ ਵੇਕਰਮੀ ਲਠੇ।*
*ਪਾਪੀ ਪਾਪੁ ਕਮਾਵਦੇ ਓਇ ਫਿਰਦੇ ਨਠੇ।*
*ਪੀਰ ਮੁਰੀਦਾਂ ਪਿਰਹੜੀ ਸਭ ਪਾਪ ਪਣਠੇ।*
*ਭਾਈ ਗੁਰਦਾਸ ਜੀ*

ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਹੋਣ ਦਾ ਮਾਣ ਹੈ ਕਿਉਂਕਿ ਇਸ ਬਾਣੀ ਦੇ ਅੰਦਰ ਕਿਤੇ-ਕਿਤੇ ਸਵੱਈਆਂ 'ਚ ਬਹੁਤ ਸਾਰੇ silent point ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਨੇ ਉਹ ਖੋਲ੍ਹ ਕੇ ਵਿਆਖਿਆ ਸਹਿਤ ਆਪ ਨੇ ਵਰਨਣ ਕੀਤੇ ਨੇ। ਆਪ ਵਰਣਨ ਕਰਦੇ ਨੇ ਕਿ ਆਦਤ ਦੇ ਬੰਨ੍ਹੇ ਹੋਏ - ***'ਅਮਲੀ ਅਮਲ ਨ ਛਡਨੀ ਹੋਇ ਬਹਿਨ ਇਕਠੇ।'*** ਘਰ ਤਬਾਹ ਹੁੰਦੈ, ਪੈਸਾ ਟਕਾ ਜਾਂਦੈ ਘਰੋਂ, ਲੜਾਈ ਪੈਂਦੀ ਹੈ, ਸਿਹਤ ਖਰਾਬ ਹੁੰਦੀ ਹੈ, ਫੇਰ ਇਕੱਠੇ ਹੋ ਕੇ ਬਹਿ ਜਾਂਦੇ ਨੇ। ਫੇਰ ਇਕੱਠੇ ਹੋ ਕੇ ਪਿਆਲੇ ਪੀਂਦੇ ਨੇ ਪੋਸਤ ਦੇ। 'ਜਿਉ ਜੂਏ ਜੁਆਰੀਆ ਲਗਿ ਦਾਵ ਉਪਠੇ।' ਕਹਿੰਦੇ, ਜਵਾਰੀਏ ਜੂਆ ਖੇਲ੍ਹਨ ਤੋਂ ਨਹੀਂ ਹਟਦੇ। ਜਿਸ ਤਰ੍ਹਾਂ ਦੇ ਨਾਲ ਯੁਧਿਸ਼ਟਰ ਨੇ ਕਿੰਨਾਂ ਦਾਉ ਲਾਇਆ, ਦਰੋਪਤੀ ਨੂੰ ਵੀ ਦਾਉ 'ਤੇ ਲਾ ਦਿਤਾ। ਇਸ ਤਰ੍ਹਾਂ ਦੇ ਨਾਲ - ***'ਚੋਰੀ ਚੋਰ ਨ ਪਲਰਹਿ ਦੁਖ ਸਹਨਿ ਗਰਠੇ।'*** ਪੁਲਿਸ ਦੀਆਂ ਕੁਟਾਈਆਂ ਸਹਿ ਲੈਂਦੇ ਨੇ। ਲੋਕ ਕੁਟਦੇ ਨੇ ਪਰ ਫੇਰ ਵੀ ਚੋਰੀ ਤੋਂ ਉਹਦਾ ਮਨ ਨਹੀਂ ਹਟਦਾ। ***'ਰਹਨਿ ਨ ਗਨਿਕਾ ਵਾੜਿਅਹੁ ਵੇਕਰਮੀ ਲਠੇ।'*** ਜਿਹੜੇ ਵੇਸਵਾਵਾਂ 'ਤੇ ਲੱਟੂ ਹੋ ਜਾਂਦੇ ਨੇ, ਨਿੰਦਿਆ ਵੀ ਹੁੰਦੀ ਹੈ, ਬਿਮਾਰੀਆਂ ਵੀ ਲਗਦੀਆਂ, ਫੇਰ ਨਹੀਂ ਉਥੋਂ ਜਾਣ ਤੋਂ ਹਟਦੇ। ***'ਪਾਪੀ ਪਾਪੁ ਕਮਾਵਦੇ ਓਇ ਫਿਰਦੇ ਨਠੇ।'*** ਪਾਪੀ ਪਾਪ ਕਮਾਉਣ ਵਾਸਤੇ ਦਿਨ ਰਾਤ ਦੌੜੇ ਫਿਰਦੇ ਨੇ। ਕੋਈ ਕੁਛ ਕਰ ਰਿਹੈ, ਕੋਈ ਕੁਛ ਕਰ ਰਿਹੈ। 'ਪੀਰ ਮੁਰੀਦਾਂ ਪਿਰਹੜੀ ਸਭ ਪਾਪ ਪਣਠੇ।' ਕਹਿੰਦੇ, ਜਦੋਂ ਮੁਰੀਦ, ਪੀਰ ਦੀ ਪਿਆਰ ਨਾਲ ਸੇਵਾ ਕਰਦੈ, ਸਾਰੇ ਪਾਪ ਜਿੰਨੇ ਵੀ ਨੇ, ਨੱਠ ਜਾਂਦੇ ਨੇ, ਕੋਈ ਨੇੜੇ ਨਹੀਂ ਰਹਿੰਦਾ, ਦੂਰ ਹੋ ਜਾਂਦੇ ਨੇ। ਸੋ ਇਸ ਕਰਕੇ -

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਅੰਗ -੩੧੪*

ਵੱਡੀ ਬਾਤ ਇਹ ਹੈ ਕਿ ਸਤਿਗੁਰੂ ਤੇਰੇ 'ਤੇ ਪ੍ਰਸੰਨ ਹੋ ਗਏ, ਮੰਨ ਗਿਆ ਉਹਦਾ ਮਨ। ਜਦੋਂ ਉਹਦਾ ਮਨ ਮੰਨ ਜਾਣੈ -

*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*
*ਅੰਗ - ੩੧੪*

ਸਾਰੇ ਪਾਪਾਂ ਦਾ ਖਾਤਮਾ ਕਰਕੇ, ਆਪਣਾ ਰੂਪ ਬਣਾ ਲੈਂਦੈ।

ਫਫੜੇ ਭਾਈ ਕਾ ਇਕ ਪਿੰਡ ਆਇਆ, ਜਵਾਹਰਕਿਆਂ ਦੇ ਕੋਲ, ਮਾਨਸਾ ਦੇ ਨੇੜੇ ਹੀ ਹੈ ਤਹਿਸੀਲ, ਕੋਈ ਚਾਰ-ਪੰਜ ਮੀਲ 'ਤੇ ਹੈ। ਉਥੇ ਇਕ ਭਾਈ ਬਹਿਲੋ ਨਾਮ ਦਾ ਸਰਵਰੀਆ ਰਿਹਾ ਕਰਦਾ ਸੀ। ਉਹ ਚੌਧਰੀ ਸੀਗਾ, ਉਸ ਵੇਲੇ, ਇਲਾਕੇ ਦਾ। ਜਿਸ ਤਰ੍ਹਾਂ ਭਾਈ ਮੰਝ ਸੰਗ ਲੈ ਕੇ ਚਲਦਾ ਸੀ, ਉਹ ਵੀ ਉਸੇ ਤਰ੍ਹਾਂ ਮਾਲਵੇ ਦਾ ਸੰਗ ਇਕੱਠਾ ਕਰਕੇ ਹੌਲੀ-ਹੌਲੀ ਮੰਜ਼ਲ-ਦਰ-ਮੰਜ਼ਲ ਦੁਆਬੇ 'ਚੋਂ ਹੋ ਕੇ ਲੰਘਿਆ ਕਰਦਾ ਸੀ। ਨਿਗਾਹੇ ਜਾਇਆ ਕਰਦੇ ਸੀ। ਸੋ ਉਮਰ ਲੰਘ ਗਈ, ਪੱਕਾ ਸੀ, ਕਿਸੇ ਦੇ ਉਤੇ ਵਿਸਵਾਸ਼ ਨਹੀਂ ਸੀ ਕਰਦਾ।

ਗੁਰੂ ਮਹਾਰਾਜ ਨੇ ਜਦੋਂ ਤਰਨਤਾਰਨ ਸਾਹਿਬ ਦਾ ਸਰੋਵਰ ਬਣਾਉਣਾ ਸ਼ੁਰੂ ਕਰਿਆ ਤੇ ਇਹ ਗੱਲ ਕੰਨੀ ਪਈ ਕਿ ਇਕ ਪ੍ਰੇਮੀ ਹੈ ਮਾਨਸਾ ਦੇ ਕੋਲ ਰਹਿੰਦਾ, ਉਹਦਾ ਨਾਂ ਬਹਿਲੋ ਹੈ ਪਰ ਉਹ ਸਰਵਰੀਆ ਹੈ। ਗੁਰੂ ਮਹਾਰਾਜ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਹਦਾ ਤਾਂ ਸਬੰਧ ਸਾਡੇ ਨਾਲ ਸੀ, ਕਿਧਰ ਜਾ ਫਸਿਆ ਇਹ? ਕਿਉਂਕਿ ਐਸਾ ਹੁੰਦਾ ਹੀ ਹੈ ਸਾਧਸੰਗਤ ਜੀ, ਸਮਾਂ ਆਉਣ 'ਤੇ ਹੀ ਗੱਲ ਬਣਿਆ ਕਰਦੀ ਹੈ। ਜੋਤ ਤਾਂ ਹੁੰਦੀ ਹੈ ਜਾਗਰਤ ਦੇ ਅੰਦਰ, ਲੇਕਿਨ ਥੋੜ੍ਹੀ ਦੇਰ ਮਾਇਆ ਦਾ ਓਹਲਾ ਹੋਇਆ ਕਰਦੈ।

ਸੋ ਮਹਾਰਾਜ ਨੇ ਦੇਖਿਆ ਕਿ ਇਹ ਤਾਂ ਗੁਰਸਿੱਖ ਸੀਗਾ। ਪਿਛਲਾ ਵੀ ਇਹਦਾ ਸਾਡੇ ਨਾਲ ਸਾਥ ਹੈ। ਇਹਦੀ ਤਾਂ ਵਾਰੀ ਆਈ ਹੋਈ ਹੈ ਪੁੱਗਣ ਵਾਲੀ ਤੇ ਇਹ ਕਿਹੜਿਆਂ ਕੰਮਾਂ ਵਿਚ ਪੈ ਗਿਆ? ਉਥੇ ਮਹਾਰਾਜ ਜੀ ਨੇ ਪਰਉਪਕਾਰ ਵਸ ਹੋ ਕੇ, ਇਕ ਗੁਰਸਿੱਖ ਨੂੰ ਭੇਜਿਆ ਕਿ ਬਹਿਲੋ ਨੂੰ ਇਹ ਕਹਿਣਾ ਕਿ ਤੇਰਾ ਸਾਡੇ ਨਾਲ ਸਬੰਧ ਹੈ। ਅਸੀਂ ਤੈਨੂੰ ਹੁਣ ਵੀ ਜਾਣਦੇ ਹਾਂ, ਪਿਛਲੇ ਜਨਮ ਦੇ ਵੀ ਜਾਣਦੇ ਹਾਂ। ਜਾ ਕੇ ਕਹੀਂ ਕਿ ਤੈਨੂੰ ਬੁਲਾਉਂਦੇ ਨੇ ਗੁਰੂ ਮਹਾਰਾਜ। ਮੰਜ਼ਲ-ਦਰ-ਮੰਜ਼ਲ ਚਲਦਾ ਹੋਇਆ ਮਾਲਵੇ ਦੇ ਅੰਦਰ, ਅੰਮ੍ਰਿਤਸਰ ਤੋਂ ਸੇਵਾਦਾਰ ਪਹੁੰਚਦੈ। ਉਥੇ ਜਾ ਕੇ ਪੁੱਛ ਕੇ ਉਹਨਾਂ ਦੇ ਘਰ ਗਿਆ। ਬਾਤਚੀਤ ਕਰੀ। ਗੁਰੂ ਨੂੰ ਕਿਉਂਕਿ ਮੰਨਦੇ ਨਹੀਂ ਸੀ ਇਸ ਕਰਕੇ ਸੇਵਾ ਦਾ ਕੋਈ ਸਵਾਲ ਹੀ ਨਹੀਂ ਸੀ ਹੁੰਦਾ। ਸਾਧਾਰਣ ਮਨੁੱਖ ਜਾਣ ਕੇ ਪ੍ਰਸ਼ਾਦਾ ਪਾਣੀ ਦਿਤਾ।

ਕਹਿੰਦੇ, ਦਸ ਭਾਈ! ਕੀ ਕੰਮ ਹੈ?

ਕਹਿੰਦੇ, ਭਾਈ ਬਹਿਲੋ! ਤੈਨੂੰ ਗੁਰੂ ਸਾਹਿਬ ਨੇ ਯਾਦ ਕਰਿਆ ਹੈ। ਉਹਨਾਂ ਨੇ ਇਹ ਕਿਹਾ ਹੈ ਕਿ ਅਸੀਂ ਤੈਨੂੰ ਜਾਣਦੇ ਹਾਂ। ਸਾਡੇ ਕੋਲ ਆ ਜਾ।

ਕਹਿੰਦਾ, ਮੈਂ ਤਾਂ ਬਿਲਕੁਲ ਨਹੀਂ ਜਾਣਦਾ ਗੁਰੂ ਸਾਹਿਬ ਨੂੰ। ਨਾ ਅਸੀਂ ਜਾਂਦੇ ਹਾਂ, ਨਾ ਸਾਡਾ ਸਿੱਖਾਂ ਨਾਲ ਵਾਹ ਹੈ। ਮੈਂ ਨਹੀਂ ਜਾਣਦਾ, ਰੱਬ ਦਾ ਵਾਸਤਾ। ਫੇਰ ਦੂਜੀ ਗੱਲ ਅਸੀਂ ਤਾਂ ਪੀਰ ਨੂੰ ਮੰਨਦੇ ਹਾਂ। ਸਾਡਾ ਤਾਂ ਪੀਰ ਨਰਾਜ਼ ਹੋ ਜਾਏਗਾ।

ਗੁਰਸਿੱਖ ਵਾਪਸ ਆ ਗਿਆ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਭਾਈ ਬਹਿਲੋ ਨੂੰ ਲਿਆਇਆ ਨਹੀਂ?

ਕਹਿੰਦਾ, ਸੱਚੇ ਪਾਤਸ਼ਾਹ! ਉਹ ਤਾਂ ਇਸ ਤਰ੍ਹਾਂ ਕਹਿੰਦੈ।

ਮਹਾਰਾਜ ਕਹਿੰਦੇ, ਜ਼ਿਆਦਾ ਨਿੰਦਰਾ 'ਚ ਪਿਆ ਹੋਇਆ, ਉਹਦੇ ਸਮਝ ਵਿਚ ਨਹੀਂ ਆ ਰਹੀ ਗੱਲ। ਦੁਬਾਰਾ ਫੇਰ ਭੇਜ ਦਿਤਾ।

ਕਹਿੰਦੇ, ਜਾਹ ਉਹਨੂੰ ਕਹੀਂ ਕਿ ਉਹ ਜ਼ਰੂਰ ਸਾਨੂੰ ਮਿਲੇ, ਅਸੀਂ ਉਸ ਨੂੰ ਪਹਿਲਾਂ ਵੀ ਜਾਣਦੇ ਹਾਂ।

ਕਿੰਨੇ-ਕਿੰਨੇ ਜਨਮਾਂ ਤੋਂ ਜਾਣਦੇ ਹੁੰਦੇ ਨੇ, ਮਹਾਂਪੁਰਸ਼ਾਂ ਨੂੰ ਪਤਾ ਹੁੰਦੈ ਕਿ ਆਹ ਵੀ ਸਾਡੇ ਨਾਲ ਰਿਹਾ ਸੀ, ਆਹ ਵੀ ਰਿਹਾ ਸੀ।

ਜਨਮ ਸਾਖੀਆਂ 'ਚ ਆਉਂਦੈ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਜਦੋਂ ਝੰਡੇ ਬਾਢੀ ਕੋਲ ਗਏ। ਮਹਾਰਾਜ ਕਹਿੰਦੇ ਕਿ ਤੂੰ ਸਾਡੇ ਨਾਲ ਸੀ, ਤ੍ਰੇਤੇ ਯੁੱਗ ਦੇ ਅੰਦਰ। ਕਿੰਨਿਆਂ ਨੂੰ ਦਸਿਆ ਮਹਾਰਾਜ ਨੇ ਕਿ ਤੂੰ ਸੀਗਾ। ਇਸੇ ਕਰਕੇ ਅਸੀਂ ਤੈਨੂੰ ਮਿਲਣ ਵਾਸਤੇ ਆਏ ਹਾਂ, ਤੇਰਾ ਸਮਾਂ ਆ ਗਿਆ ਪਾਰ ਜਾਣ ਦਾ।

ਸੋ ਮਹਾਰਾਜ ਨੇ ਦੁਬਾਰਾ ਭੇਜਿਆ, ਉਹਨੇ ਦੁਬਾਰਾ ਵੀ ਜਵਾਬ ਦੇ ਦਿਤਾ।

ਮਹਾਰਾਜ ਕਹਿੰਦੇ, ਨਾ, ਲਿਆ ਗੁਰਸਿੱਖ ਨੂੰ ਮਾਇਆ ਵਿਚੋਂ ਕੱਢ ਕੇ। ਫੇਰ ਕਰੋ ਹਿੰਮਤ।

ਕਹਿੰਦੇ, ਸੱਚੇ ਪਾਤਸ਼ਾਹ! ਤੁਸੀਂ ਕ੍ਰਿਪਾ ਕਰੋਂਗੇ ਤਾਂ ਉਹ ਆਏਗਾ, ਨਹੀਂ ਤਾਂ ਉਹ ਬਹੁਤ ਸਖ਼ਤ ਹੈ, ਆਪਣੇ ਇਰਾਦੇ ਦਾ ਪੱਕਾ ਹੈ। ਉਹ ਤਾਂ ਟਸ ਤੋਂ ਮਸ ਨਹੀਂ ਹੁੰਦਾ। ਗੱਲ ਵੀ ਨਹੀਂ ਕਰਦਾ। ਕਹਿੰਦਾ, ਮੈਂ ਜਾਣਦਾ ਹੀ ਨਹੀਂ ਗੁਰੂ ਨੂੰ।

ਜਦੋਂ ਤੀਸਰੀ ਵਾਰੀ ਗੁਰਸਿੱਖ ਗਿਆ। ਉਹਦੇ ਮਨ ਵਿਚ ਖਿਆਲ ਹੋਇਆ ਕਿ ਹੋ ਸਕਦਾ ਹੈ ਕਿ ਮੈਨੂੰ ਜਾਣਦੇ ਹੋਣ। ਇਹ ਕਹਿੰਦੇ ਨੇ ਪਿਛਲੇ ਜਨਮ 'ਚ ਜਾਣਦੇ ਹਾਂ। ਹੋ ਸਕਦਾ ਹੈ ਕਿ ਇਹ ਮੈਨੂੰ ਪਿਛਲੇ ਜਨਮ 'ਚ ਜਾਣਦੇ ਹੋਣ। ਮੈਂ ਹੀ ਨਾ ਜਾਣਦਾ ਹੋਵਾਂ, ਅਣਜਾਣ ਹੋਵਾਂ।

ਕਹਿਣ ਲੱਗਿਆ, ਲੈ ਬਈ ਗੁਰਸਿੱਖਾ! ਗੱਲ ਐਨੀ ਹੈ ਕਿ ਮੈਂ ਮੰਜ਼ਲ-ਦਰ-ਮੰਜ਼ਲ ਚਲਦੇ ਨੇ ਜਾਣਾ ਹੈ। ਦੇਖ, ਸਤਲੁਜ ਦਰਿਆ ਦੇ ਅੱਧ ਤੱਕ ਮੈਂ ਹੈਗਾ ਸਰਵਰੀਆ। ਜੇ ਤਾਂ ਪੀਰ ਬਹੁੜ ਪਿਆ, ਕਿਸ਼ਤੀ

'ਚ ਲੰਘਦੇ-ਲੰਘਦੇ ਪੀਰ ਨੇ ਕੋਈ ਕਰਾਮਾਤ ਦਿਖਾ ਦਿਤੀ ਫੇਰ ਤਾਂ ਮੈਂ ਹੈਗਾ ਪੀਰ ਦਾ। ਜੇ ਅੱਧਾ ਦਰਿਆ ਲੰਘ ਗਿਆ, ਫੇਰ ਮੈਂ ਗੁਰੂ ਦਾ। ਤੇਰੀ ਗੱਲ ਫੇਰ ਮੈਂ ਮੰਨ ਲਵਾਂਗਾ। ਫੇਰ ਮੈਂ ਗੁਰੂ ਦਾ ਹੋ ਜਾਵਾਂਗਾ।

ਸੋ ਉਸ ਵੇਲੇ ਘਰੋਂ ਨਾਲ ਤੁਰ ਪਿਆ। ਅਰਦਾਸ ਕਰੀ ਖੜ੍ਹ ਕੇ, ਕਹਿੰਦਾ, ਪੀਰ ਜੀ! ਅੱਜ ਮੈਂ ਗੁਰੂ ਨੂੰ ਮਿਲਣ ਜਾ ਰਿਹਾ ਹਾਂ। ਜਿਹੜਾ ਗੁਰੂ ਨੂੰ ਮਿਲਣ ਜਾਂਦੈ ਉਹ ਮੁੜ ਕੇ ਤੇਰਾ ਨਹੀਂ ਰਿਹਾ ਕਰਦਾ। ਹੁਣ ਮੇਰੇ ਨਾਲ ਵੀ ਇਵੇਂ ਹੀ ਵਰਤਣੀ ਹੈ ਪਰ ਮੈਂ ਅਜੇ ਫੈਸਲਾ ਨਹੀਂ ਕਰਿਆ। ਸਤਲੁਜ ਦਰਿਆ ਦੇ ਅੱਧ ਤਕ ਜੇ ਤਾਂ ਤੂੰ ਬਹੁੜ ਗਿਆ, ਮੈਨੂੰ ਕੋਈ ਕ੍ਰਿਸ਼ਮਾ ਦਿਖਾ ਦਿਤਾ, ਤਾਂ, ਤਾਂ ਮੈਂ ਤੇਰਾ। ਜੇ ਅੱਧੀ ਧਾਰ ਪਾਰ ਲੰਘ ਗਿਆ, ਫੇਰ ਮੈਂ ਤੇਰੀਆਂ ਜੋ ਵੀ ਚੀਜ਼ਾਂ ਮੇਰੇ ਕੋਲ ਨੇ ਮੈਂ ਵਿਚ ਸੁੱਟ ਦੇਣੀਆਂ ਨੇ। ਉਸ ਤੋਂ ਬਾਅਦ ਮੈਂ ਗੁਰੂ ਦਾ।

ਗੁਰਸਿੱਖ ਕਹਿੰਦਾ, ਤੇਰੀ ਜਿਹੜੀ ਪਰਖ ਹੈ ਉਹ ਬਿਲਕੁਲ ਠੀਕ ਹੈ। ਸੋ ਚਲ ਪਿਆ। ਜਦੋਂ ਕਿਸ਼ਤੀ 'ਚ ਚੜ੍ਹਨ ਲੱਗਿਆ, ਹੌਲੀ-ਹੌਲੀ ਸਤਲੁਜ ਦੇ ਕੰਢੇ 'ਤੇ ਪਹੁੰਚ ਗਏ ਕਿਉਂਕਿ ਪੈਦਲ ਚੱਲਿਆ ਕਰਦੇ ਸੀ। ਥਾਂ-ਥਾਂ ਦੇ ਉਤੇ ਰਹਿਣ ਵਾਲੀਆਂ ਜਗ੍ਹਾਂ ਬਣੀਆਂ ਹੁੰਦੀਆਂ ਸੀ। ਸਰਾਵਾਂ ਵਗੈਰਾ ਬਣੀਆਂ ਹੁੰਦੀਆਂ ਸੀ। ਮੁਸਾਫਰਾਂ ਨੂੰ ਪ੍ਰਸ਼ਾਦੇ ਛਕਾਇਆ ਕਰਦੇ ਸੀ ਲੋਕ, ਉਸ ਸਮੇਂ। ਸੋ ਜਦੋਂ ਸਤਲੁਜ ਦੇ ਕੰਢੇ ਗਿਆ, ਕਿਸ਼ਤੀ 'ਚ ਚੜ੍ਹਨ ਲੱਗਿਆ, ਫੇਰ ਕਿਹਾ, ਪੀਰ ਜੀ! ਅੱਧ ਤਕ ਮੈਂ ਤੁਹਾਡਾ, ਹਾਲੇ ਤਕ ਤਾਂ ਤੁਸੀਂ ਮੈਨੂੰ ਕੁਛ ਨਹੀਂ ਦਿਖਾਇਆ। ਅੱਧ ਤਕ ਜਾਂਦੇ-ਜਾਂਦੇ ਤੁਸੀਂ ਮੈਨੂੰ ਕੋਈ ਕੌਤਕ ਦਿਖਾ ਦਿਓ। ਜੇ ਤਾਂ ਦਿਖਾ ਦਿਓਂਗੇ ਮੈਂ ਤੁਹਾਡਾ, ਨਹੀਂ ਤਾਂ ਅੱਧੀ ਧਾਰ ਜਦੋਂ ਮੈਂ ਲੰਘਣਾ ਹੈ ਫੇਰ ਮੈਂ ਤੈਨੂੰ ਅਵਾਜ਼ ਦੇਣੀ ਹੈ, ਜੇ ਤਾਂ ਕਿਸ਼ਤੀ ਦਾ ਰੁਖ ਤੂੰ ਮੋੜ ਦਿਤਾ, ਫੇਰ ਤਾਂ ਠੀਕ ਹੈ, ਜੇ ਨਾ ਮੋੜਿਆ ਤਾਂ ਤੇਰੀ ਅਮਾਨਤ ਤੈਨੂੰ ਮੈਂ ਸੰਭਾਲ ਦੇਣੀ ਹੈ। ਸੋ ਅੱਧ ਵਿਚ ਚਲਿਆ ਗਿਆ, ਕਿਸ਼ਤੀ 'ਤੇ ਖੜ੍ਹਾ ਹੋ ਕੇ ਅਵਾਜ਼ ਮਾਰੀ, ਕਹਿੰਦਾ, ਓ ਪੀਰ ਜੀ! ਹੁਣ ਮੈਂ ਚੱਲਿਆ ਗੁਰੂ ਵੱਲ ਨੂੰ। ਆਹ ਅੱਧ ਲੰਘ ਚੱਲਿਆ। ਜਦੋਂ ਅੱਧ ਲੰਘ ਗਿਆ, ਚੁੱਕ ਕੇ ਉਹਦੀ ਜਾਕਟ ਚਮੜੇ ਦੀ ਤੇ ਉਹ ਲੋਹਾ, ਜਿਹੜਾ ਪਿੱਠ 'ਤੇ ਕੁੱਟਦੇ ਹੁੰਦੇ, ਉਹ ਚੁੱਕ ਕੇ ਦਰਿਆ 'ਚ ਮਾਰਿਆ। ਕਹਿੰਦਾ, ਲੈ ਤੂੰ ਆਪਣੀਆਂ ਸਾਂਭ, ਅਸੀਂ ਤਾਂ ਹੋ ਗਏ ਗੁਰੂ ਦੇ।

ਅਸੀਂ ਕਿੰਨੇ ਡਾਵਾਂਡੋਲ ਹੁੰਦੇ ਹਾਂ। ਅੰਮ੍ਰਿਤ ਛਕ ਲੈਂਦੇ ਹਾਂ। ਮਾੜੀਆਂ-ਮਾੜੀਆਂ ਗੱਲਾਂ ਤੋਂ ਗਿਰ ਜਾਂਦੇ ਹਾਂ। ਬਹੁਤੇ ਤਾਂ ਕਰਦੇ ਹੀ ਨਹੀਂ ਕੁਛ, ਬਾਣੀ ਹੀ ਨਹੀਂ ਪੜ੍ਹਦੇ, ਕਹਿੰਦੇ ਅਸੀਂ ਸਿੱਖ ਹਾਂ। ਸਿੱਖ ਨਾ ਕਿਹਾ ਕਰੋ ਕਦੇ ਵੀ। ਸਿੱਖ, ਸਿਰਫ ਉਹ ਹੈ ਜਿਹੜਾ ਪੱਕੀ ਤਰ੍ਹਾਂ ਜੁੜ ਗਿਆ ਗੁਰੂ ਨਾਲ। ਮੰਨਣ ਮੰਨਾਉਣ ਦਾ ਕੋਈ ਫਰਕ ਨਹੀਂ ਹੈ। ਕਿਸੇ ਨੂੰ ਮੱਥੇ ਟੇਕੀ ਜਾਓ। ਇਹ ਤਾਂ ਚੌਰਾਸੀ ਦੇ ਜੀਵ ਨੇ ਸਾਰੇ, ਸਿੱਖ ਨਹੀਂ ਹੈਗੇ। ਸਿੱਖ ਓਹੀ ਹੁੰਦੈ ਜਿਹੜਾ ਗੁਰੂ ਨਾਲ ਪੱਕੀ ਤਰ੍ਹਾਂ ਜੁੜ ਜਾਂਦੈ। ਭਾਵਨਾ ਦਾ ਹੁੰਦਾ, ਜੋ ਕੁਛ ਮੰਗਦੇ ਹਾਂ, ਦਿੰਦੈ, ਕਿਉਂਕਿ ਗੁਰੂ ਸਮਰੱਥ ਹੈ। ਬੈਲਡ ਨਹੀਂ ਹੁੰਦਾ, ਬੈਲਡ ਉਦੋਂ ਹੁੰਦੈ, ਜਦੋਂ ਗੁਰੂ ਦਾ ਮੰਤਰ ਮਿਲ ਜਾਵੇ। ਸੋ ਇਸ ਤਰ੍ਹਾਂ ਦੇ ਨਾਲ ਪੱਕਾ ਸੀਗਾ। ਸਾਡਾ ਤੇ ਉਹਦਾ ਲੱਖਾਂ ਕੋਹਾਂ ਦਾ ਫਰਕ ਸੀ। ਨਹੀਂ ਡਾਵਾਂਡੋਲ ਹੋਇਆ, ਸਿੱਧਾ ਗੁਰੂ ਮਹਾਰਾਜ ਕੋਲ ਗਿਆ, ਜਾ ਕੇ ਨਮਸ਼ਕਾਰ ਕੀਤੀ।

ਕਹਿੰਦਾ, ਮੈਂ ਆ ਗਿਆ ਜੀ। ਮੈਨੂੰ ਨਹੀਂ ਪਤਾ ਮੇਰਾ ਤੇ ਤੁਹਾਡਾ ਕਦੋਂ ਦਾ ਸਬੰਧ ਹੈ।

ਮਹਾਰਾਜ ਕਹਿੰਦੇ, ਇਕ ਜਨਮ ਦਾ ਨਹੀਂ, ਕਿੰਨਿਆਂ ਹੀ ਜਨਮਾਂ ਦਾ ਸਬੰਧ ਹੈ। ਹੁਣ ਤੇਰੀ ਵਾਰੀ ਆਈ ਹੋਈ ਹੈ, ਪਾਰ ਲੰਘਣ ਦੀ। ਕਲਜੁਗ ਦਾ ਸਮਾਂ ਆ ਗਿਆ।

ਸੋ ਉਥੇ ਰਹਿਣਾ ਸ਼ੁਰੂ ਕਰ ਦਿਤਾ, ਦਿਨ ਰਾਤ ਸੇਵਾ ਕਰਦੈ। ਐਡਾ ਪਿਆਰ ਪਿਆ ਗੁਰੂ ਦੇ ਨਾਲ ਕਿ ਹਰ ਵਕਤ ਸੇਵਾ ਕਰਦੈ, ਨੀਂਦ ਵਗੈਰਾ ਕਿਧਰੇ ਹੀ ਚਲੀ ਗਈ, ਉਹਦੀ। ਜਦੋਂ ਗੁਰੂ ਮਹਾਰਾਜ ਦੇ ਦਰਬਾਰ ਵਿਚ ਬੈਠਦਾ ਹੈ, ਇਕ ਟਕ ਜਿਵੇਂ ਚਕੋਰ ਚੰਦਰਮਾ ਨੂੰ ਦੇਖਦੀ ਹੈ, ਇਹ ਗੁਰੂ ਵਲ ਇਕ ਟਕ ਲਾ ਕੇ ਦੇਖਦਾ ਹੈ। ਨਾ ਭੁੱਖ ਦੀ ਪਰਵਾਹ ਹੈ, ਨਾ ਪਿਆਸ ਦੀ ਪਰਵਾਹ ਹੈ। ਬਗੈਰ ਆਲਸ ਦੇ ਹਰ ਵਕਤ ਸੇਵਾ ਕਰਦੈ। ਸੇਵਾ ਕਿਹੜੀ? ਆਵਾ ਪਾ ਲਿਆ ਉਹਨੇ। ਸਾਰਿਆਂ ਨੇ ਆਵੇ ਆਪਣੇ-ਆਪਣੇ ਪਾਏ ਹੋਏ ਸੀ। ਤਰਨਤਾਰਨ ਸਾਹਿਬ ਦੀਆਂ ਪ੍ਰਕਰਮਾ ਪੱਕੀਆਂ ਹੋ ਰਹੀਆਂ ਸੀ। ਉਸ ਨੇ ਵੀ ਆਵਾ ਪਾ ਲਿਆ। ਉਸ ਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਜੇ ਵਿਸ਼ਟਾ ਪਾਇਆ ਜਾਵੇ ਆਵੇ ਦੇ ਅੰਦਰ ਤਾਂ ਇੱਟ ਬਹੁਤ ਵਧੀਆ ਪੱਕਦੀ ਹੈ। ਕਿਸੇ ਨੂੰ ਨਹੀਂ ਕਿਹਾ, ਕਿਸੇ ਤੋਂ ਸਲਾਹ ਨਹੀਂ ਲਈ। ਆਪੇ ਹੀ ਟੋਕਰਾ ਬਣਾ ਲਿਆ, ਮੰਡਾਸਾ ਮਾਰ ਲਿਆ, ਲੱਕ ਬੰਨ੍ਹ ਲਿਆ, ਦਿਨ ਰਾਤ ਸੇਵਾ ਕਰਦੈ। ਜਿਥੋਂ ਵੀ

ਲੱਭਦੈ, ਲਿਆ-ਲਿਆ ਪਾਈ ਜਾਂਦੈ ਆਵੇ ਦੇ ਅੰਦਰ।

ਸੋ ਭਾਈ ਸੰਤੋਖ ਸਿੰਘ ਲਿਖਦੇ ਨੇ ਕਿ –

*ਛੁਧਾ ਪਿਪਾਸਾ ਨੀਂ ਨ ਜਾਨਹਿ।*
*ਆਲਸ ਬਿਨ, ਸੇਵਾ ਸਵਧਾਨਹਿ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੯੩੪*

ਆਵੇ ਦੀਆਂ ਇੱਟਾਂ ਟ੍ਰਨ-ਟ੍ਰਨ ਕਰਦੀਆਂ ਨੇ ਜਿਵੇਂ ਟੱਲੀ ਬੋਲਦੀ ਹੁੰਦੀ ਹੈ –

*ਜਬਿ ਗੁਰ ਮਿਲੈਂ ਲਾਇ ਟਕ ਰਹੈ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੯੩੫*

ਜਦੋਂ ਗੁਰੂ ਦੇ ਦਰਸ਼ਨ ਹੋ ਜਾਣ ਫੇਰ ਸਭ ਕੁਝ ਛੱਡ ਕੇ ਗੁਰੂ ਵਲ ਦੇਖੀ ਜਾਂਦੈ। ਅੱਖ ਨਹੀਂ ਸੀ ਝਮਕਦਾ। ਗਰਦਨ ਮੁੜ ਜਾਵੇ, ਪਈ ਮੁੜ ਜਾਵੇ ਲੇਕਿਨ ਅੱਖ ਨਹੀਂ ਸੀ ਝਮਕਦਾ। ਗਰਦਨ ਨਾਲ ਦੀ ਨਾਲ ਮੋੜੀ ਜਾਂਦਾ ਸੀ, ਜਿਧਰ ਨੂੰ ਗੁਰੂ ਜਾਂਦੇ ਸੀ –

*ਜਥਾ ਚਕੋਰ ਚੰਦ ਕੋ ਚਹੈ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੯੩੪*

ਜਿਵੇਂ ਚੰਦ ਤੇ ਚਕੋਰ ਦਾ ਆਪਸ ਵਿਚ ਸਬੰਧ ਹੈ, ਇਸ ਤਰ੍ਹਾਂ ਦੇ ਨਾਲ ਇਹਦਾ ਸਬੰਧ ਸੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ ਜੇ ਇਹੋ ਜਿਹਾ ਪਿਆਰ ਹੋਵੇ ਗੁਰੂ ਦੇ ਨਾਲ ਸਿੱਖ ਦਾ, ਉਹ ਨਿਭ ਜਾਇਆ ਕਰਦੈ। ਜਿਹੜਾ ਗਰਜ ਦਾ ਪਿਆਰ ਹੈ, ਉਹ ਨਿਭਿਆ ਨਹੀਂ ਕਰਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਉਹ ਨਿਬਹੈ ਨਾਲੇ,*
*ਪੀਰ ਮੁਰੀਦਾਂ ਪਿਰਹੜੀ।*
*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

'ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥' ਇਕ ਟੱਕ ਚੰਦਰਮਾ ਵਲ ਦੇਖਦਾ ਰਹਿੰਦਾ ਹੈ। ਸੋ ਕਹਿੰਦੇ, ਇਸ ਤਰ੍ਹਾਂ ਦੇ ਨਾਲ –

*ਕਾਰ ਈਂਟਕਾ ਕਰਹਿ ਪਚਾਵੈ।*
*ਭਲੀ ਰੀਤਿ ਕਰਿ ਪ੍ਰੇਮ ਪਕਾਵੈ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੯੩੫*

ਜਦੋਂ ਆਵੇ ਪੱਕ ਗਏ ਤਾਂ ਗੁਰੂ ਮਹਾਰਾਜ ਦੇ ਪਾਸ ਸਾਰਿਆਂ ਦੀਆਂ ਇੱਟਾਂ ਨਮੂਨੇ ਵਜੋਂ ਆਈਆਂ। ਮਹਾਰਾਜ ਜੀ ਇਕੱਲੀ-ਇਕੱਲੀ ਇੱਟ ਦਾ ਜੋੜਾ ਲੈਂਦੇ ਨੇ ਤੇ ਇਕ ਇੱਟ ਨੂੰ ਦੂਜੀ ਨਾਲ ਮਾਰ ਕੇ ਅਵਾਜ਼ ਦੇਖਦੇ ਨੇ। ਜਿਸ ਵਕਤ ਭਾਈ ਬਹਿਲੋ ਦੀ ਵਾਰੀ ਆਈ, ਉਸ ਵੇਲੇ ਉਸ ਦੇ ਆਵੇ ਵਿਚੋਂ ਵੀ ਇੱਟਾਂ ਕੱਢੀਆਂ ਗਈਆਂ, ਜਿਹੜੇ ਪੱਕ ਚੁੱਕੇ ਸੀ। ਬਹੁਤ ਸਾਰੇ ਆਵੇ ਪਾਏ ਵੀ ਹੋਏ ਸੀ ਅਜੇ। ਉਸ ਵੇਲੇ ਗੁਰੂ ਮਹਾਰਾਜ ਨੇ ਇੱਟ ਨਾਲ ਇੱਟ ਟਣਕਾਅ ਕੇ ਦੇਖੀ ਤਾਂ ਟੱਲੀ ਵਰਗੀ ਅਵਾਜ਼ ਆਈ। ਇਕ ਦਮ ਕਹਿਣ ਲੱਗੇ, ਪ੍ਰੇਮੀਓ! ਆਹ ਕੀਹਦਾ ਆਵਾ ਹੈ? ਐਡੀ ਸੋਹਣੀ ਇੱਟ? ਆਪ ਜੀ ਨੇ ਦੇਖਣ ਨੂੰ ਵੀ ਸੋਹਣੀ ਤੇ ਪੱਕੀ ਵੀ ਬਿਲਕੁਲ ਠੀਕ ਹੈ। ਅਵਾਜ਼ ਵੀ ਦੇਖੋ ਕਿੰਨੀ ਸੋਹਣੀ ਹੈ।

ਕਹਿੰਦੇ, ਮਹਾਰਾਜ! ਇਹ ਉਸੇ ਭਾਈ ਬਹਿਲੋ ਦੀ ਇੱਟ ਹੈ, ਜਿਹਨੂੰ ਆਪ ਨੇ ਫਫੜਿਆਂ ਤੋਂ ਤਿੰਨ ਵਾਰ ਸੇਵਾਦਾਰ ਭੇਜ ਕੇ ਮੰਗਾਇਆ ਸੀ।

ਗੁਰੂ ਮਹਾਰਾਜ ਉਸ ਵੇਲੇ ਪ੍ਰਸੰਨ ਹੋ ਗਏ, ਆਪ ਜੀ ਨੇ ਉਸ ਗੁਰਸਿੱਖ ਨੂੰ ਨਹੀਂ ਬੁਲਾਇਆ ਬਲਕਿ ਆਪ ਉੱਠ ਕੇ ਚੱਲ ਪਏ ਤੇ ਅੱਗੇ ਜਾ ਕੇ ਜਿਥੇ ਸੇਵਾ ਕਰਦਾ ਸੀ, ਦੂਰੋਂ ਗੁਰਸਿੱਖ ਨੇ ਦਸਿਆ ਕਿ ਮਹਾਰਾਜ! ਔਹ ਕਰ ਰਿਹੈ ਸੇਵਾ। ਅੱਗੇ ਜਾਣ ਲੱਗੇ ਮਹਾਰਾਜ, ਕਹਿੰਦੇ ਠਹਿਰੋ। ਉਹਦੇ ਹੱਥ, ਉਹਦਾ ਟੋਕਰਾ, ਉਹਦੀ ਸਾਰੀ ਗੱਲ ਦੱਸਣ ਵਾਲੀ ਬਾਤ ਨਹੀਂ, ਉਹ ਤਾਂ ਵਿਸ਼ਟਾ ਇਕੱਠਾ ਕਰਕੇ ਪਾਉਂਦਾ ਹੈ। ਲੱਕ ਬੰਨ੍ਹ ਲੈਂਦੈ, ਸਵੇਰ ਤੋਂ ਲਗ ਜਾਂਦੈ, ਰਾਤ ਤਕ ਇਹੀ ਕੰਮ ਕਰਦੈ। ਪਾਤਸ਼ਾਹ! ਉਹਨੇ ਇਸ ਤਰ੍ਹਾਂ ਦੇ ਨਾਲ ਸੇਵਾ ਕਰੀ ਹੈ।

ਮਹਾਰਾਜ ਕਹਿੰਦੇ, ਇਸ਼ਨਾਨ ਕਰਾ ਕੇ ਸਾਡੇ ਕੋਲ ਲੈ ਕੇ ਆਓ। ਇਸ਼ਨਾਨ ਕਰਾ ਕੇ ਜਦੋਂ ਲਿਆਂਦਾ। ਮਹਾਰਾਜ ਉੱਠੇ, ਉਠ ਕੇ ਭਾਈ ਬਹਿਲੋ ਨੂੰ ਬੁੱਕਲ 'ਚ ਲੈ ਲਿਆ। ਕਹਿੰਦੇ, 'ਭਾਈ ਬਹਿਲੋ ਸਭ ਤੋਂ ਪਹਿਲੋਂ।' ਆਇਆ ਸਭ ਤੋਂ ਪਿੱਛੋਂ ਲੇਕਿਨ ਸਭ ਤੋਂ ਪਹਿਲੋ ਹੋ ਗਿਆ। ਉਸੇ ਵੇਲੇ ਬ੍ਰਹਮ ਗਿਆਨ ਦੀ ਦਾਤ ਦੇ ਦਿਤੀ, ਰਿੱਧੀਆਂ-ਸਿੱਧੀਆਂ, ਸਾਰੇ ਭੰਡਾਰੇ ਗੁਰੂ ਮਹਾਰਾਜ ਨੇ ਸੇਵਾ ਤੋਂ ਪ੍ਰਸੰਨ ਹੋ ਕੇ ਭਾਈ ਬਹਿਲੋ ਨੂੰ ਦੇ ਦਿਤੇ।

ਸੋ ਮਹਾਰਾਜ ਕਹਿੰਦੇ ਨੇ –

*ਸਾ ਸੇਵਾ ਕੀਤੀ ਸਫਲ ਹੈ*
*ਜਿਤੁ ਸਤਿਗੁਰ ਕਾ ਮਨੁ ਮੰਨੇ ॥* *ਅੰਗ - ੩੧੪*

ਜੇ ਗੁਰੂ ਦਾ ਮਨ ਹੀ ਨਹੀਂ ਮੰਨਿਆ। ਮਹਾਂਪੁਰਸ਼ਾਂ ਕੋਲ ਸੇਵਾ ਕਰਦੈ। ਮਹਾਂਪੁਰਸ਼ ਪ੍ਰਸੰਨ ਹੀ ਨਹੀਂ ਹੋਏ ਸੇਵਾ ਤੋਂ, ਉਹਦੀ ਕਾਹਦੀ ਸੇਵਾ ਹੈ? ਫਿਰੀ ਜਾਵੇ ਜਿਥੇ ਫਿਰਨੈ -

*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*
*ਅੰਗ - ੩੧੪*

ਜਦੋਂ ਸਤਿਗੁਰੁ ਦਾ ਮਨ ਮੰਨ ਗਿਆ, ਉਸ ਵੇਲੇ ਸਾਰੇ ਪਾਪਾਂ ਦੇ ਭੰਡਾਰੇ ਸੀ ਸਭ ਤੋੜ ਕੇ ਪਰ੍ਹੇ ਮਾਰੇ।

ਸੋ ਇਸ ਤਰ੍ਹਾਂ ਸੇਵਾ ਦੇ ਫਲ ਬਾਰੇ ਭਾਈ ਗੁਰਦਾਸ ਜੀ ਨੇ ਇਕ ਥਾਂ 'ਤੇ ਜ਼ਿਕਰ ਕਰਿਆ ਹੈ ਕਿ ਛੋਟੀ ਤੋਂ ਛੋਟੀ ਸੇਵਾ ਦਾ ਵੀ ਫਲ ਬਹੁਤ ਵੱਡਾ ਹੁੰਦੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਅਸ੍ਵਮੇਧ ਜਗ ਦੇ ਬਰਾਬਰ ਫਲ ਮਿਲਦੈ,*
*ਲੰਗਰ ਛਕਾ ਕੇ ਸਿੱਖ ਨੂੰ।*

*ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨ੍ਹਾਇ,*
*ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ॥*
*ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,*
*ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥*
*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥*
*ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,*
*ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥*
*ਕਬਿੱਤ ਭਾਈ ਗੁਰਦਾਸ ਜੀ ੬੭੩*

***'ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨ੍ਹਾਇ,*** ਪਰਾਗ ਦਾ ਇਸ਼ਨਾਨ ਪੰਜ ਵਾਰੀ ਕਰ ਆਵੇ। ਪੰਜ ਵਾਰੀ ਗੰਗਾ ਦਾ ਇਸ਼ਨਾਨ ਕਰ ਆਵੇ। ***'ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ॥'*** ਜੇ ਗੁਰਸਿੱਖ ਦਾ ਇਸ਼ਨਾਨ ਕਰਾ ਦੇਵੇ, ਐਨਾ ਪੁੰਨ ਹੁੰਦੈ। ਇਹਦੇ ਵਿਚ ਸ਼ਰਤ ਹੈ ਕਿ ਗੁਰਸਿੱਖ ਕੌਣ ਹੈ? ਕਿਉਂਕਿ ਸਿੱਖ ਤਾਂ ਸਾਰੇ ਹੀ ਬਣੇ ਫਿਰਦੇ ਨੇ। ਮਹਾਰਾਜ ਨੇ ਤਾਂ ਨਹੀਂ ਮੰਨੇ ਹੈਗੇ। ਮਹਾਰਾਜ ਕਹਿੰਦੇ, ਸਿੱਖ ਦਾ ਦਰਜਾ ਬਹੁਤ ਉੱਚਾ ਹੈ। ਤੀਸਰਾ ਦਰਜਾ ਹੋਇਆ ਕਰਦੈ, ਤੀਸਰੀ ਭੂਮਿਕਾ ਸਿੱਖ ਦੀ। ਪਹਿਲਾ ਹੋਇਆ 'ਸਤਿਸੰਗ'। ਦੂਜਾ ਹੋਇਆ ਕਰਦਾ ਹੈ, 'ਸ਼ੁਭ ਵਿਚਾਰੀ ਜਗਿਆਸੂ'। ਤੀਸਰਾ ਹੋਇਆ ਕਰਦੈ - ਸਿੱਖ। ਚੌਥਾ ਹੋਇਆ ਕਰਦਾ ਹੈ ਸੰਤ ਦਾ। ਪੰਜਵਾਂ ਹੋਇਆ ਕਰਦਾ ਹੈ ਬ੍ਰਹਮਗਿਆਨੀ ਦਾ। ਛੇਵੀਂ ਭੂਮਿਕਾ, ਸੱਤਵੀਂ ਭੂਮਿਕਾ ਇਹ ਲੀਨਤਾ ਦੀ ਅਵਸਥਾ ਹੁੰਦੀ ਹੈ - ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ।

ਸੋ ਸਿੱਖ ਦੇ ਬਾਰੇ ਆਪ ਫੁਰਮਾਨ ਕਰਦੇ ਨੇ-

*ਧਾਰਨਾ - ਭਲਕੇ ਉਠ ਕੇ ਧਿਆਵੈ ਹਰੀ ਨਾਮ ਨੂੰ,*
*ਸਿੱਖ ਜੋ ਕਹਾਵੇ ਗੁਰਾਂ ਦਾ।*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥* *ਅੰਗ - ੩੦੫*

ਕਹਿੰਦੇ, ਅਸੀਂ ਆਪਣੇ ਆਪ ਨੂੰ ਸਿੱਖ ਹਾਂ। ਮਰਦਮਸ਼ੁਮਾਰੀ 'ਚ ਨਾਮ ਲਿਖਾਉਣ ਵਾਲੇ। ਇਹ ਸਾਨੂੰ ਪਤਾ ਨਹੀਂ ਕਿ ਅਸੀਂ ਗੁਰੂ ਦੇ ਸਿੱਖ ਹਾਂ ਜਾਂ ਆਪਣੇ ਮਨ ਦੇ ਸਿੱਖ ਹਾਂ। ਕੋਈ ਪਤਾ ਨਹੀਂ ਹੈ। ਰੂਪ ਸਾਡਾ ਜ਼ਰੂਰ ਸਿੱਖਾਂ ਵਾਲਾ ਹੈ। ਮਹਾਰਾਜ ਕਹਿੰਦੇ, ਕਹਾਉਂਦਾ ਤਾਂ ਹੈਂ ਤੂੰ। ਕਹਿੰਦਾ ਮੈਂ ਸਿੱਖ ਹਾਂ, ਕਾਗਜ਼ਾਂ 'ਚ ਲਿਖਾਉਨੈ, ਸਰਕਾਰੀ ਕਾਗਜ਼ ਭਰਦੈਂ, ਉਹਦੇ 'ਚ ਆਪਣੇ ਆਪ ਨੂੰ ਸਿੱਖ ਲਿਖਦੈਂ ਤੇ ਹੋ ਸਕਦੈਂ ਤੂੰ ਝੂਠੀ ਸਰਕਾਰ ਦੇ ਦਫ਼ਤਰਾਂ 'ਚ ਵੀ ਸਿੱਖ ਹੋਵੇਂ, ਪਰ ਸੱਚੀ ਸਰਕਾਰ ਦੇ ਦਫ਼ਤਰ ਵਿਚ ਤੂੰ ਕੋਈ ਸਿੱਖ ਨਹੀਂ ਹੈਂ, ਉਥੇ ਤੂੰ ਮਨਮੁਖ ਹੈਂ।

ਕੀ ਫਰਕ ਹੈ ਮਹਾਰਾਜ ਫੇਰ ਮੇਰੇ ਵਿਚ?

ਮਹਾਰਾਜ ਕਹਿੰਦੇ -

***'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ '*** ਜਿਹੜਾ ਨਾਮ ਦਾ ਧਿਆਨ ਕਰਦੈ, ਸਿਮਰਨ ਕਰਦੈ, ਨਾਮ ਜਪਦੈ, ਸਿੱਖ ਓਹੀ ਕਹਾਉਂਦਾ ਹੈ, ਜਿਹੜਾ ਅੰਮ੍ਰਿਤ ਵੇਲੇ ਜਾਗ ਕੇ ਨਾਮ ਜਪਦੈ।

ਜਾਗਦਾ ਹੁੰਦੈਂ ਅੰਮ੍ਰਿਤ ਵੇਲੇ?

ਕਹਿੰਦਾ, ਮੈਨੂੰ ਤਾਂ ਜਾਗ ਨਹੀਂ ਆਉਂਦੀ।

ਫੇਰ ਰਹਿਣ ਦੇ, ਸਿੱਖੀ 'ਚੋਂ ਖਾਰਜ ਹੈਂ ਤੂੰ। ***'ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥'*** ਅਗਾਂਹਾਂ ਇਕ ਹੋਰ ਕਹਿ ਦਿਤਾ। ਕਹਿੰਦੇ, ਉਦਮ ਕਰਕੇ ਉੱਠੇ, 'ਪਰਭਾਤੀ' ਜਲਦੀ। ਫੇਰ ਇਸ਼ਨਾਨ ਕਰੇ।

'ਚਲਦਾ........।'

***(ਵੀਡੀਓ ਫਿਲਮ ਦੀਵਾਨ ਨੰ: 123)***


ਸੰਤ ਵਰਿਆਮ ਸਿੰਘ ਜੀ
ਬਾਨੀ, ਟਰੱਸਟ ਰਤਵਾੜਾ ਸਾਹਿਬ

# ਗੁਰਬਾਣੀ ਅਨੁਸਾਰ ਸੰਤ ਕੌਣ ਹੈ?

**ਸੰਤ ਰਹਤ ਸੁਨਹੁ ਮੇਰੇ ਭਾਈ।।**
**ਉਆ ਕੀ ਮਹਿਮਾ ਕਥਨੁ ਨ ਜਾਈ।।**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-28)*

ਭਾਈ ਵੀਰ ਸਿੰਘ ਜੀ ਨੇ ਆਪਣੀ ਇਕ ਕਵਿਤਾ ਵਿਚ ਸਪਸ਼ਟ ਕੀਤਾ ਹੈ –

*ਕਲਗੀਧਰ ਦੇ ਪਾਸ ਕੋਈ*
*ਆ ਪਿਆ ਸ਼ਿਕੈਤ ਲਗਾਵੇ –*
*"ਮਾਰ ਮਾਰ ਕੇ ਸਿਖ ਤੁਰਕ ਨੂੰ*
*ਕਾਰੀ ਫਟ ਜਦ ਲਾਵੇ,*
*"ਭਾਈ ਕਨ੍ਹੱਯਾ ਤਦੋਂ*
*ਤੁਰਕ ਨੂੰ ਪਾਣੀ ਆਣ ਪਿਲਾਵੇ।*
*"ਅਪਣਾ ਹੋ ਕੇ*
*ਭਾਈ ਕਨ੍ਹੱਯਾ ਦੇਖੋ ਕਹਿਰ ਕਮਾਵੇ।*
*"ਉਸਦਾ ਕੰਮ ਆਪਣੇ*
*ਲਸ਼ਕਰ ਸਿੱਖਾਂ ਨੀਰ ਪਿਲਾਣਾ,*
*"ਨਾ ਕੇ ਵੈਰੀ ਨੂੰ ਰਣ ਤੱਤੇ*
*ਪੁੱਤਾਂ ਵਾਂਙ ਖਿਡਾਣਾ?*
*"ਰਣ ਤੱਤੇ ਦੀ ਨੀਤੀ – 'ਮਾਰਨ' ਜਿਉ ਕਿਉਂ*
*ਦੁਸ਼ਮਨ ਕੋਹੀਏ।*
*"ਜੋ ਵੈਰੀ ਨੂੰ ਪਯਾਰ ਕਰਾਵੇ,*
*ਉਸਨੂੰ ਦੁਸ਼ਮਨ ਕਹੀਏ"।*
*ਸੱਦ ਕਨ੍ਹੱਯੇ ਗੁਰਾਂ ਪੁੱਛਿਆ*
*ਸਾਰੀ ਗੱਲ ਸੁਣਾਈ।*
*ਸੀਸ ਨਿਵਾਇਆ ਰੰਗ ਰਤੜੇ ਨੇ ਬਿਨਤੀ ਮੁਖੋਂ*
*ਅਲਾਈ –*
*"ਤੈਨੂੰ ਪਿਆ ਪਿਲਾਵਾਂ ਪਾਣੀ*
*ਸਿਰ ਮੇਰੇ ਦੇ ਸਾਂਈਂ!*
*"ਤੁਰਕ ਅਤੁਰਕ ਨ ਦਿਸਦਾ ਮੈਨੂੰ*
*ਤੂੰ ਸਾਰੇ ਦਿਸ ਆਈਂ।*
*"ਪਿਆਰੇ ਦੇ ਇਕ ਪਿਆਰ ਪ੍ਰੋਤਾ ਉਸਦੀ ਸੇਵ*
*ਕਰਾਵਾਂ,*
*"ਉਸ ਨੂੰ ਦੇਖਾਂ, ਉਸ ਨੂੰ ਸੇਵਾਂ,*
*ਪਾਣੀ ਉਨੂੰ ਪਿਲਾਵਾਂ"।*
*ਹੱਸੇ ਤੇ ਗਲ ਲਾਇਆ ਪਯਾਰਾ*
*ਡੱਬੀ ਹੱਥ ਫੜਾਈ –*
*"ਪਾਣੀ ਨਾਲ ਮਲ੍ਹਮ*
*ਬੀ ਰੱਖੀਂ ਲੋੜ ਪਈ ਤੇ ਲਾਈਂ"।*

*ਪੰਨਾ – 245-46*
*(ਸ੍ਰੀ ਕਲਗੀਧਰ ਚਮਤਕਾਰ)*

ਸੋ ਇਹ ਬਿਰਤੀ ਸੰਤਾਂ ਦੀ ਹੈ, ਉਹ ਪ੍ਰਭੂ ਨੂੰ ਸਦਾ ਹੀ ਸੰਗ ਜਾਣਦੇ ਹਨ।

*ਦੂਸਰੀ ਰਹਿਤ ਸੰਤਾਂ ਦੀ –*
*ਪ੍ਰਭ ਕਾ ਕੀਆ ਮੀਠਾ ਮਾਨੈ।। ਅੰਗ – ੩੯੨*

ਇਸ ਉਪਰ ਵੀ ਇਕ ਬਹੁਤ ਹੀ ਪਿਆਰ ਵਾਲੀ ਸਾਖੀ ਆਉਂਦੀ ਹੈ।

ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਇਕ ਗੁਰਮੁਖ ਨਾਮ ਦਾ ਸਿਖ ਆਇਆ। ਉਸਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਅਸੀਂ ਇਹ ਤੁਕ ਤਾਂ ਪੜ੍ਹਦੇ ਹਾਂ ਕਿ–

*ਪ੍ਰਭ ਕਾ ਕੀਆ ਮੀਠਾ ਮਾਨੈ।।*
*ਅੰਗ – ੩੯੨*

*ਅਤੇ ਇਹ ਵੀ ਪੜ੍ਹਦੇ ਹਾਂ –*
*ਪ੍ਰਭ ਕੀ ਆਗਿਆ ਆਤਮ ਹਿਤਾਵੈ।।*
*ਜੀਵਨ ਮੁਕਤਿ ਸੋਊ ਕਹਾਵੈ।।*
*ਤੈਸਾ ਹਰਖੁ ਤੈਸਾ ਉਸੁ ਸੋਗੁ।।*
*ਸਦਾ ਅਨੰਦੁ ਤਹ ਨਹੀ ਬਿਓਗੁ।।*
*ਅੰਗ – ੨੭੫*

ਪਰ ਸੱਚੇ ਪਾਤਸ਼ਾਹ! ਇਸ ਤਰ੍ਹਾਂ ਦੇ ਗੁਰਮੁਖ ਪਿਆਰੇ ਦੇ ਅਸਾਨੂੰ ਜੇ ਦਰਸ਼ਨ ਹੋ ਜਾਣ ਤਾਂ ਅਸੀਂ ਬੜੇ ਧੰਨਭਾਗੀ ਹੋਵਾਂਗੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਹੁਕਮ ਦਿਤਾ ਕਿ ਭਾਈ ਜੇ ਤੈਂ ਅਜਿਹੇ ਗੁਰਮੁਖ ਪਿਆਰੇ ਸਾਧੂ ਦੇ ਦਰਸ਼ਨ ਕਰਨੇ ਹਨ, ਤੇਰੀ ਇਛਿਆ ਹੈ, ਸੰਗਤ ਵਿਚ ਅਨੇਕਾਂ ਗੁਰਸਿੱਖ ਇਸ ਪਦਵੀ ਦੇ ਮਾਲਕ ਹਨ ਪਰ ਤੈਨੂੰ ਪ੍ਰਤੱਖ ਵੇਖੇ ਬਿਨਾਂ ਨਿਸ਼ਚਾ ਨਹੀਂ ਆਉਣਾ, ਇਸ ਕਰਕੇ ਤੂੰ ਹੁਣੇ ਹੀ ਗੁਜਰਾਤ ਨੂੰ ਚਲਿਆ ਜਾਹ; ਉਥੇ ਗੁਜਰਾਤ ਵਿਚ ਇਕ ਗੁਰਮੁਖ ਪਿਆਰੇ, ਜਿਨ੍ਹਾਂ ਦਾ ਨਾਮ ਭਾਈ ਭਿਖਾਰੀ ਹੈ, ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਉਨ੍ਹਾਂ ਦੀ ਅਵਸਥਾ–

*ਹਾਥ ਪਾਉ ਕਰਿ ਕਾਮੁ ਸਭੁ*
*ਚੀਤੁ ਨਿਰੰਜਨ ਨਾਲਿ।। ਅੰਗ – ੧੩੭੬*

ਵਾਲੀ ਹੈ। ਉਨ੍ਹਾਂ ਦੇ ਦਰਸ਼ਨ ਕਰ, ਤੈਨੂੰ ਉਸ ਅਵਸਥਾ ਦਾ ਆਪਣੇ ਆਪ ਹੀ ਗਿਆਨ ਹੋ ਜਾਵੇਗਾ। ਆਗਿਆ ਅਨੁਸਾਰ ਉਸ ਗੁਰਸਿੱਖ ਦੇ ਘਰ ਪਹੁੰਚਦਾ ਹੈ, ਮਹਿਲ-ਮਾੜੀਆਂ ਵੇਖ ਕੇ ਅੰਦਾਜ਼ਾ ਲਾਇਆ ਕਿ ਗੁਰਸਿੱਖ ਉਪਰ ਮਹਾਰਾਜ ਜੀ ਦੀ ਮਾਇਕ ਤੌਰ ਤੇ ਕ੍ਰਿਪਾ ਹੈ। ਜਿਸ ਬੈਠਕ ਵਿਚ ਗੁਰੂ ਪਿਆਰੇ ਬੈਠੇ ਇਕ ਤੱਪੜ ਦੀ ਮੁਰੰਮਤ ਕਰ ਰਹੇ ਸਨ, ਉਥੇ ਪੂਰੇ ਸਤਿਕਾਰ ਨਾਲ ਭਾਈ ਗੁਰਮੁਖ ਨੂੰ ਉਚੇ ਥਾਂ ਬਿਠਾਇਆ, ਜਲ ਪਾਣੀ ਦੀ ਸੇਵਾ ਆਪਣੇ ਹੱਥੀਂ ਲਿਆ ਕੇ ਕੀਤੀ। ਗੁਰਸਿੱਖ ਕੀ ਦੇਖਦਾ ਹੈ ਕਿ ਘਰ ਵਿਚ ਮੰਗਲਾਚਾਰਕ ਸ਼ੁਭ ਅਵਸਰ ਬਣਿਆ ਹੋਇਆ ਹੈ। ਅਨੁਮਾਨ ਤੋਂ ਲਗਿਆ ਕਿ ਵਿਆਹ ਦੀ ਤਿਆਰੀ ਹੋ ਰਹੀ ਹੈ। ਅਚਾਨਕ ਉਸਦੀ ਨਿਗ੍ਹਾ ਉਸ ਕਮਰੇ ਵਿਚ ਰਖੇ ਕੁਝ ਸਮਾਨ ਉਪਰ ਪਈ ਜਿਨ੍ਹਾਂ ਵਿਚ ਇਕ ਅਰਥੀ ਸੀ, ਇਕ ਕੋਰਾ ਘੜਾ ਸੀ ਅਤੇ ਇਕ ਪੂਲੀ ਕਣਕ ਦੀ ਸੀ। ਕੁਝ ਸੰਸਾ ਮਨ ਵਿਚ ਵਿਆਪਿਆ ਕਿ ਇਕ ਪਾਸੇ ਮਠਿਆਈ ਬਣ ਰਹੀ ਹੈ, ਨਵੇਂ ਕੱਪੜੇ ਸਿਉਂਤੇ ਜਾ ਰਹੇ ਹਨ, ਕੁੜਮ-ਕਬੀਲਿਆਂ ਦੀ ਗਹਿਮਾ-ਗਹਿਮੀ ਹੈ ਅਤੇ ਐਨਾ ਚਾਉ ਨਜ਼ਰ ਆ ਰਿਹਾ ਹੈ ਕਿ ਕਿਸੇ ਦਾ ਪੈਰ ਧਰਤੀ ਤੇ ਲਗਦਾ ਨਜ਼ਰ ਨਹੀਂ ਆਉਂਦਾ, ਦੂਜੇ ਪਾਸੇ ਇਹ ਮਿਰਤਕ ਦਾ ਸਮਾਨ - ਇਹ ਕਿਉਂ?

ਦੂਸਰੇ ਦਿਨ ਬਰਾਤ ਜਾ ਕੇ ਭਾਈ ਭਿਖਾਰੀ ਦੇ ਲੜਕੇ ਦੀ ਸ਼ਾਦੀ ਕਰ ਲਿਆਏ। ਰਥ ਵਿਚ ਪੁੱਤਰ ਅਤੇ ਉਸਦੀ ਨਵ-ਵਿਆਹੀ ਨੂੰਹ ਹੈ ਪਰ ਰਸਤੇ ਵਿਚ ਲੜਕੇ ਦੇ ਪੇਟ ਵਿਚ ਐਸਾ ਦਰਦ ਹੋਇਆ ਕਿ ਉਹ ਘਰ ਦੇ ਬੂਹੇ ਤਕ ਪਹੁੰਚਦਾ, ਚੜ੍ਹਾਈ ਕਰ ਗਿਆ। ਮਾਂ ਪਾਣੀ ਵਾਰਨ ਵਾਸਤੇ ਅਤੇ ਭੈਣਾਂ ਬੂਹਾ ਰੋਕੀਂ ਖੜ੍ਹੀਆਂ ਹਨ ਪਰ ਲੜਕਾ ਜਦੋਂ ਰਥ ਵਿਚੋਂ ਕੱਢਿਆ ਤਾਂ ਉਹ ਇਕ ਮਿਰਤਕ ਸਰੀਰ ਸੀ, ਅਜਿਹਾ ਮੌਕਾ ਕੁਦਰਤੀ ਤੌਰ ਤੇ ਭਾਵੁਕ ਤੇ ਪਿਆਰ ਵਾਲਿਆਂ ਵਾਸਤੇ ਅਸਹਿ ਹੋਇਆ ਕਰਦਾ ਹੈ ਪਰ ਭਾਈ ਸਾਹਿਬ ਨੇ ਸਭ ਨੂੰ ਵਾਹਿਗੁਰੂ ਦੀ ਰਜ਼ਾ ਮੰਨਣ ਦਾ ਉਪਦੇਸ਼ ਦੇ ਕੇ ਚੁੱਪ ਕਰਾ ਦਿਤਾ। ਇਕ ਦਮ ਵਿਆਹ ਦੇ ਲਿਬਾਸ ਉਤਰ ਗਏ ਅਤੇ ਸਾਰਾ ਕੁੜਮ-ਕਬੀਲਾ ਮਾਤਮੀਂ ਵਸਤਰ ਪਹਿਨ ਕੇ ਉਸ ਤੱਪੜ ਉਪਰ ਬੈਠ ਗਿਆ ਜੋ ਗੰਢ ਤਰੁੱਪ ਕਰਕੇ ਠੀਕ ਕੀਤਾ ਸੀ। ਭਾਈ ਗੁਰਮੁਖ ਹੈਰਾਨ ਸੀ ਕਿ ਭਾਈ ਭਿਖਾਰੀ ਜੀ ਦੇ ਮੁਖ ਤੇ ਇਸ ਅਸਹਿ ਸਦਮੇ ਦਾ ਕੋਈ ਚਿੰਨ੍ਹ ਨਜ਼ਰ ਨਹੀਂ ਸੀ ਆਉਂਦਾ। ਉਸ ਸਮੇਂ, ਮਿਰਤਕ ਵਾਸਤੇ ਅਰਥੀ, ਜੋ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ, ਉਹ ਕੱਢੀ ਤੇ ਗੁਰਬਾਣੀ ਦੇ ਸ਼ਬਦ ਪੜ੍ਹਦੇ ਹੋਏ ਲੜਕੇ ਦਾ ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਸੰਸਕਾਰ ਕੀਤਾ। ਜਦੋਂ ਰਾਤ ਨੂੰ ਸਮਾਂ ਮਿਲਿਆ ਭਾਈ ਗੁਰਮੁਖ ਜੀ ਨੇ ਭਾਈ ਭਿਖਾਰੀ ਜੀ ਨੂੰ ਪੁਛਿਆ ਕਿ ਜੇ ਤੁਹਾਨੂੰ ਪਹਿਲਾਂ ਹੀ ਪਤਾ ਸੀ ਕਿ ਇਹ ਭਾਣਾ ਵਰਤਣਾ ਹੈ ਤਾਂ ਤੁਸੀਂ ਇਸ ਬੱਚੇ ਦੀ ਸ਼ਾਦੀ ਨਾ ਕਰਦੇ। ਜੇ ਕਰਨੀ ਹੀ ਸੀ ਤਾਂ ਗੁਰੂ ਮਹਾਰਾਜ ਜੀ ਤੋਂ ਆਪਣੇ ਬੱਚੇ ਦੀ ਆਯੂ ਮੰਗ ਲੈਂਦੇ। ਉਸ ਸਮੇਂ ਭਾਈ ਭਿਖਾਰੀ ਜੀ ਨੇ ਕਿਹਾ ਕਿ ਪਿਆਰਿਆ! ਇਹ ਸੰਸਾਰ ਰਹਿਣ ਵਾਲਾ ਥਾਂ ਨਹੀਂ ਹੈ ਏਥੇ ਜੀਵ, ਪ੍ਰਭੂ ਦੇ ਹੁਕਮ ਅਨੁਸਾਰ ਸੰਯੋਗ ਦੇ ਬੰਨ੍ਹੇ ਸੰਸਾਰ ਵਿਚ ਆਉਂਦੇ ਹਨ ਅਤੇ ਵਿਯੋਗ ਅਨੁਸਾਰ ਦੁਨੀਆਂ ਨੂੰ ਛਡ ਜਾਂਦੇ ਹਨ। ਇਹ ਇਵੇਂ ਹੀ ਹੋਣਾ ਸੀ, ਸ਼ਾਦੀ ਵੀ ਹੋਣੀ ਸੀ, ਇਸ ਬੀਬੀ ਨੇ ਵਿਧਵਾ ਵੀ ਹੋਣਾ ਸੀ, ਇਸ ਬੱਚੇ ਨੇ ਇਸੇ ਸਮੇਂ, ਇਸੇ ਥਾਂ ਤੇ ਇਸੇ ਕਾਰਨ ਨਾਲ ਸਰੀਰ ਦਾ ਪੰਜ ਭੂਤਕ ਚੋਲਾ ਵੀ ਛੱਡ ਕੇ ਜਾਣਾ ਸੀ। ਗੁਰਸਿੱਖ ਦਾ ਅਡੋਲ ਨਿਸ਼ਚਾ ਵੇਖ ਕੇ ਭਾਈ ਗੁਰਮੁਖ ਨਮਸ਼ਕਾਰਾਂ ਕਰਦਾ ਹੋਇਆ ਵਿਦਾ ਹੋਇਆ। ਸੋ ਸੰਤਾਂ ਦੀ ਰਹਿਤ - ਵਾਹਿਗੁਰੂ ਦਾ ਕੀਤਾ ਹੋਇਆ ਮਿੱਠਾ ਮੰਨਦੇ ਹਨ। ਆਪਣੇ ਪਿਆਰੇ ਦੇ ਪ੍ਰੋਗਰਾਮ ਵਿਚ ਕਿਸੇ ਤਰ੍ਹਾਂ ਦਾ ਵੀ ਵਿਘਨ ਨਹੀਂ ਪਾਉਣਾ ਚਾਹੁੰਦੇ।

ਤੀਸਰੀ ਸੰਤ ਰਹਿਤ ਨਾਮ ਦਾ ਅਧਾਰ ਹੈ। ਜ਼ਿੰਦਗੀ ਦੇ ਅੰਦਰ ਬੇਅੰਤ ਅਧਾਰ ਹਨ, ਕਿਸੇ ਨੂੰ ਪੁਤਰ-ਧੀਆਂ ਦਾ ਅਧਾਰ ਹੈ, ਕਿਸੇ ਨੂੰ ਸੋਨੇ-ਚਾਂਦੀ ਦਾ ਅਧਾਰ ਹੈ, ਕਿਸੇ ਨੂੰ ਸੋਹਣੀਆਂ ਸਵਾਰੀਆਂ ਦਾ ਅਧਾਰ ਹੈ, ਕਿਸੇ ਨੂੰ ਮਿੱਤਰਾਂ ਦਾ ਅਧਾਰ ਹੈ, ਕਿਸੇ ਨੂੰ ਉਚ ਪਦਵੀ ਦਾ ਅਧਾਰ ਹੈ। ਜੇ ਕਿਸੇ ਦੀ ਪਦਵੀ ਖੁਸ ਜਾਵੇ ਤਾਂ ਉਸਦਾ ਰੋਣਾ-ਕੁਰਲਾਣਾ ਸੁਣਿਆ ਨਹੀਂ ਜਾਂਦਾ, ਕਿਉਂਕਿ ਅਧਾਰ ਟੁੱਟ ਗਿਆ। ਪੁੱਤਰ ਚੜ੍ਹਾਈ ਕਰ ਜਾਵੇ ਤਾਂ ਵੀ ਸਹਿਣਾ ਔਖਾ ਹੁੰਦਾ ਹੈ ਕਿਉਂਕਿ ਉਹ ਅਧਾਰ ਹੈ। ਇਸ ਤਰ੍ਹਾਂ ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਅਧਾਰ ਹਨ ਜਿਨ੍ਹਾਂ ਦੇ ਆਸਰੇ ਉਹ ਆਪਣਾ ਜੀਵਨ ਜਿਉਂ ਰਹੇ ਹਨ, ਪਰ ਸੰਤਾਂ ਦਾ ਅਧਾਰ ਵਾਹਿਗੁਰੂ ਜੀ ਦਾ ਨਾਮ ਹੈ ਜਿਸ ਤੋਂ ਵਿਛੜ ਕੇ ਉਨ੍ਹਾਂ ਦਾ ਜਿਉਣਾ ਐਉਂ ਔਖਾ ਹੋ ਜਾਂਦਾ ਹੈ ਜਿਵੇਂ ਪਾਣੀ ਦਾ ਵਿਛੋੜਾ ਮੱਛਲੀ ਨਹੀਂ ਸਹਿ ਸਕਦੀ -

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ*
*ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ*

*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥ ਅੰਗ - 708*

ਸੋ ਸੰਤਾਂ ਬਾਰੇ ਗੁਰੂ ਮਹਾਰਾਜ ਜੀ ਉਨ੍ਹਾਂ ਦੀ ਰਹਿਤ ਦਸਦੇ ਹੋਏ ਫੁਰਮਾਨ ਕਰਦੇ ਹਨ -

*ਏਕੁ ਨਾਮੁ ਸੰਤਨ ਆਧਾਰੁ॥*

*ਅੰਗ - ੩੯੨*

ਉਸ ਤੋਂ ਅਗਲੀ ਰਹਿਤ ਜੋ ਸੰਤਾਂ ਦੀ ਮਨੋਬਿਰਤੀ ਨੂੰ ਪ੍ਰਗਟ ਕਰਦੀ ਹੈ, ਉਹ ਹੈ-

*ਹੋਇ ਰਹੇ ਸਭ ਕੀ ਪਗ ਛਾਰੁ॥*

*ਅੰਗ - ੩੯੨*

ਇਸ ਰਹਿਤ ਵਿਚ ਦਸਿਆ ਗਿਆ ਹੈ ਕਿ ਸੰਤ ਭੁੱਲ ਕੇ ਵੀ ਆਪਣੇ ਆਪ ਨੂੰ ਵੱਡਾ ਨਹੀਂ ਆਖਦੇ ਅਤੇ ਚੰਗੇ ਤੇ ਉਚੇ ਹੋਣ ਦਾ ਕਿੰਚਤ ਮਾਤਰ ਵੀ ਗੁਮਾਨ ਨਹੀਂ ਕਰਦੇ। ਉਨ੍ਹਾਂ ਦਾ ਨਿਸ਼ਚਾ ਹੋਇਆ ਕਰਦਾ ਹੈ -

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ॥ ਅੰਗ - ੧੩੬੪*

ਉਹ ਸਾਰੇ ਸੰਸਾਰ ਨੂੰ ਵਾਹਿਗੁਰੂ ਦਾ ਰੂਪ ਜਾਣਦੇ ਹੋਏ ਨਿਸ਼ਚਾ ਰਖਦੇ ਹਨ-

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥*

*ਅੰਗ - ੬੧੦*

ਬਾਨੀ ਦੇ ਫੁਰਮਾਨ ਅਨੁਸਾਰ -

*ਹਮ ਨਹੀ ਚੰਗੇ ਬੁਰਾ ਨਹੀ ਕੋਇ॥*
*ਪ੍ਰਣਵਤਿ ਨਾਨਕੁ ਤਾਰੇ ਸੋਇ॥*

*ਅੰਗ - ੭੨੮*

ਪਿਆਰ ਵਿਚ ਰਤੇ ਵਾਹਿਗੁਰੂ ਦੀ ਬਖਸ਼ੀ ਹੋਈ ਤਾਕਤ ਦਾ ਕਦੇ ਵੀ ਪ੍ਰਯੋਗ ਨਹੀਂ ਕਰਦੇ। ਸਗੋਂ ਚਰਨਾਂ ਦੀ ਧੂੜ ਬਣੇ ਰਹਿੰਦੇ ਹਨ।

ਇਕ ਜਾਗੀ ਹੋਈ ਸੰਤ ਰੂਹ ਜੋ ਨਿਹੰਗ ਸਿੰਘਾਂ ਦੇ ਦਲਾਂ ਵਿਚ ਰਹਿੰਦੀ, ਸੇਵਾ ਕਰਦੀ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਸ਼ਹੀਦੀ ਬਾਗ ਵਿਚ ਬਾਬਾ ਗੁਰਦਿੱਤ ਸਿੰਘ ਜੀ ਤੋਂ ਪਹਿਲਾਂ ਜਥੇਦਾਰ ਸਨ। ਉਨ੍ਹਾਂ ਦੇ ਸਮੇਂ ਅਜੇ ਸ਼ਹੀਦੀ ਬਾਗ ਅਸਥਾਨ, ਇਕ ਨਾਲ ਦੇ ਪਿੰਡ ਦੇ ਜ਼ੈਲਦਾਰ ਦੇ ਕਬਜ਼ੇ ਵਿਚ ਸੀ। ਅੰਗਰੇਜ਼ਾਂ ਦਾ ਰਾਜ ਸੀ। ਉਸ ਸਮੇਂ ਸਿੰਘਾਂ ਨੇ ਵਿਚਾਰ ਕੀਤੀ ਕਿ ਜਿਸ ਅਸਥਾਨ ਤੇ ਅਨੰਦਪੁਰ ਦੀ ਭਿਆਨਕ ਜੰਗ ਸਮੇਂ ਸਿੰਘਾਂ ਦੇ ਸਸਕਾਰ ਕੀਤੇ ਗਏ ਹਨ ਉਥੇ ਉਨ੍ਹਾਂ ਦੀ ਯਾਦਗਾਰ ਬਣਾਈ ਜਾਵੇ। ਕਿਲ੍ਹਾ ਅਨੰਦਗੜ੍ਹ ਦੇ ਸਾਹਮਣੇ ਦੂਰ ਤਕ ਜ਼ਮੀਨ, ਝਾੜੀਆਂ, ਪੱਥਰਾਂ, ਘਾਹ-ਫੂਸ ਆਦਿ ਨਾਲ ਢਕੀ ਪਈ ਸੀ ਅਤੇ ਕਈ ਸੌ ਸਾਲ ਤੋਂ ਕਿਸੇ ਦੀ ਮਲਕੀਅਤ ਨਹੀਂ ਸੀ। ਬਾਬਾ ਜੀ ਨੂੰ ਪੁੱਛ ਕੇ, ਜਿਸ ਥਾਂ ਦੇ ਉਤੇ ਸ਼ਹੀਦ ਹੋਏ ਸਿੰਘਾਂ ਦਾ ਸੰਸਕਾਰ ਕੀਤਾ ਗਿਆ ਸੀ, ਉਥੇ ਨਿਸ਼ਾਨ ਸਾਹਿਬ ਝੁਲਾ ਦਿਤਾ। ਇਸ ਗੱਲ ਦੀ ਖਬਰ ਨੇੜੇ ਦੇ ਪਿੰਡ ਦੇ ਜ਼ੈਲਦਾਰ ਨੂੰ ਪਹੁੰਚ ਗਈ ਜੋ ਐਵੇਂ ਹੀ ਇਸ ਅਸਥਾਨ ਦਾ ਮਾਲਕ ਬਣਿਆ ਬੈਠਾ ਸੀ। ਉਹ ਬਹੁਤ ਸਾਰੇ ਸ਼ਸ਼ਤਰਧਾਰੀ ਬੰਦੇ ਲੈ ਕੇ ਅਤੇ ਮੁਕਾਬਲਾ ਕਰਨ ਲਈ ਇਸ ਥਾਂ ਉਪਰ ਪਹੁੰਚਿਆ ਅਤੇ ਨਿਸ਼ਾਨ ਸਾਹਿਬ ਪੁਟ ਦਿਤਾ। ਨਿਹੰਗ ਸਿੰਘਾਂ ਨੇ ਬਹੁਤ ਗੁੱਸਾ ਕੀਤਾ ਅਤੇ ਮੁਕਾਬਲਾ ਕਰਨ ਲਈ ਬਾਬਾ ਜੀ ਤੋਂ ਆਗਿਆ ਮੰਗੀ ਪਰ ਜਥੇਦਾਰ ਜੀ ਨੇ ਇਹ ਕਹਿ ਕੇ ਗੱਲ ਟਾਲ ਦਿਤੀ ਕਿ ਭਾਈ! ਗੁਰੂ ਦੇ ਸਿੱਖਾਂ ਨੂੰ ਕਦੇ ਵੀ ਨਿਮਰਤਾ ਤੇ ਪਿਆਰ ਭਰੀ ਭਾਵਨਾ ਦਾ ਤਿਆਗ ਕਰਕੇ, ਅਭਿਮਾਨ ਵਿਚ ਆ ਕੇ ਲੜਨਾ-ਭਿੜਨਾ ਨਹੀਂ ਚਾਹੀਦਾ। ਉਹ ਜ਼ੈਲਦਾਰ ਆਪਣੇ ਪਿੰਡ ਨੂੰ ਵਾਪਸ ਚਲਿਆ ਗਿਆ। ਦੂਸਰੀ ਵਾਰੀ ਫੇਰ ਨਿਸ਼ਾਨ ਸਾਹਿਬ ਝੁਲਾ ਦਿਤਾ। ਉਹ ਜ਼ੈਲਦਾਰ ਫੇਰ ਆਇਆ ਅਤੇ ਨਿਸ਼ਾਨ ਸਾਹਿਬ ਉਖਾੜ ਦਿਤਾ। ਬਾਬਾ ਜੀ ਨੇ ਫੇਰ ਵੀ ਨਿਮਰਤਾ ਅਤੇ ਧੀਰਜ ਦਾ ਤਿਆਗ ਨਾ ਕੀਤਾ ਤੇ ਕਿਹਾ ਕਿ ਭਾਈ ਇਸ ਦਾ ਸੁਭਾਅ ਆਪਣਾ ਹੈ ਇਸ ਨੇ ਇਹੋ ਕੰਮ ਕਰਨਾ ਹੈ ਅਤੇ ਸਾਡਾ ਆਪਣਾ ਸੁਭਾਅ ਹੈ ਚਰਨਾਂ ਦੀ ਧੂੜ ਬਣ ਕੇ ਰਹੀਦਾ ਹੈ। ਕੋਈ ਝਗੜਾ ਨਾ ਹੋਣ ਦਿਤਾ। ਨਿਹੰਗ ਸਿੰਘਾਂ ਨੇ ਕਿਹਾ ਕਿ ਬਾਬਾ ਜੀ ਅਸੀਂ ਐਵੇਂ ਸਵਾ-ਸਵਾ ਮਣ ਦੇ ਸ਼ਸ਼ਤਰ ਚੁਕੀਂ ਫਿਰਦੇ ਹਾਂ ਤੁਸੀਂ ਤਾਂ ਆਪਣੇ ਆਪ ਨੂੰ ਕੁਝ ਵੀ ਨਹੀਂ ਸਮਝ ਰਹੇ। ਸਾਨੂੰ ਹੁਕਮ ਦੇਵੋ ਇਸਨੂੰ ਸੁਮੱਤ ਦੇਈਏ। ਬਾਬਾ ਜੀ ਨੇ ਕਿਹਾ ਕਿ ਸੁਮੱਤ ਦੇਣ ਵਾਲਾ ਤਾਂ ਵਾਹਿਗੁਰੂ ਆਪੇ ਹੀ ਹੈ। ਆਪ ਜੀ ਨੇ ਤੀਸਰੀ ਵਾਰੀ ਨਿਸ਼ਾਨ ਸਾਹਿਬ ਫੇਰ ਝੁਲਾ ਦਿਤੇ ਅਤੇ ਨਾਲ ਹੀ ਬਚਨ ਕੀਤਾ ਕਿ ਭਾਈ! ਹੁਣ ਗੁਰੂ ਦਸ਼ਮੇਸ਼ ਪਿਤਾ ਜਾਨਣ, ਸ਼ਹੀਦ ਸਿੰਘ ਜਾਨਣ; ਇਹ ਉਨ੍ਹਾਂ ਦੀ ਮਰਜ਼ੀ ਹੈ। ਆਪਣਾ ਕੰਮ ਤਾਂ ਨਿਸ਼ਾਨ ਝੁਲਾਣਾ ਹੀ ਹੈ। ਉਹ ਜ਼ੈਲਦਾਰ ਬਹੁਤ ਸ਼ਸ਼ਤਰਧਾਰੀਆਂ ਦਾ ਇਕੱਠ ਕਰਕੇ ਇਸ ਇਰਾਦੇ ਨਾਲ ਆਇਆ ਕਿ ਸਾਰਿਆਂ ਨਿਹੰਗ ਸਿੰਘਾਂ ਨੂੰ ਨਠਾ ਦੇਣਾ ਹੈ, ਫੜ ਕੇ ਕੁਟਣੇ ਹਨ ਤਾਂ ਕਿ ਇਹ ਜਗ੍ਹਾਂ ਛੱਡ ਕੇ ਦੌੜ ਜਾਣ। ਦੂਰੋਂ ਆਉਂਦੀ ਬਹੁਤ ਵੱਡੀ ਧਾੜ ਦੇ ਨਾਲ ਦਿਸ ਰਿਹਾ ਸੀ। ਨਿਹੰਗ ਸਿੰਘਾਂ

ਨੇ ਕਿਹਾ ਕਿ ਬਾਬਾ ਜੀ ਹੁਣ ਤਾਂ ਉਹ ਕੁੱਟ ਮਾਰ ਦੇ ਇਰਾਦੇ ਨਾਲ ਆ ਰਿਹਾ ਹੈ। ਅਸੀਂ ਸ਼ਸ਼ਤਰਧਾਰੀ ਸਿੰਘ ਹਾਂ, ਸ਼ਸ਼ਤਰ ਚਲਾ ਕੇ ਅਸੀਂ ਆਪਣੀ ਵੀ ਰੱਖਿਆ ਕਰਨੀ ਹੈ ਤੇ ਇਸ ਪਾਮਰ ਨੂੰ ਵੀ ਸੁਮੱਤ ਦੇਣੀ ਹੈ। ਤਾਂ ਜਥੇਦਾਰ ਨਿਹੰਗ ਸਿੰਘ ਜੀ ਕਹਿਣ ਲੱਗੇ ਕਿ ਭਾਈ ਹੁਣ ਤਾਂ ਆਪਣੇ ਮਾਲਕ ਦਾ, ਇਨ੍ਹਾਂ ਦਾ ਤੇ ਸ਼ਹੀਦ ਸਿੰਘਾਂ ਦਾ ਰੌਲਾ-ਰੱਪਾ ਹੈ। ਤੁਸੀਂ ਗੁਰੂ-ਗੁਰੂ ਕਰਦੇ ਦੇਖਦੇ ਜਾਵੋ। ਸਭਨਾਂ ਦੀ ਨਿਗ੍ਹਾ ਜ਼ੈਲਦਾਰ ਤੇ ਉਸਦੇ ਆਦਮੀਆਂ ਉਪਰ ਲਗੀ ਹੋਈ ਸੀ। ਅਚਾਨਕ ਜ਼ੈਲਦਾਰ ਦਾ ਘੋੜਾ ਡਰ ਨਾਲ ਸਹਿਮ ਗਿਆ ਤੇ ਸਿਧਾ ਖੜ੍ਹਾ ਹੋ ਗਿਆ ਤੇ ਜ਼ੈਲਦਾਰ ਹੇਠਾਂ ਗਿਰ ਪਿਆ ਪਰ ਪੈਰ ਰਕਾਬ ਵਿਚ ਫਸ ਗਿਆ। ਪੱਥਰਾਂ ਨਾਲ ਲਗ-ਲਗ ਕੇ ਜ਼ੈਲਦਾਰ ਦੇ ਸਰੀਰ ਦੇ ਟੁਕੜੇ-ਟੁਕੜੇ ਹੋ ਗਏ। ਥਾਂ-ਥਾਂ ਤੇ ਮਾਸ ਖਿੰਡਿਆ ਪਿਆ ਨਜ਼ਰੀ ਆਇਆ ਅਤੇ ਉਹ ਅਗੰਮੀ ਸ਼ਕਤੀਆਂ ਨਾਲ ਮੱਥਾ ਲਾਉਂਦਾ ਨਰਕ ਸਿਧਾਰ ਗਿਆ। ਨਿਹੰਗ ਸਿੰਘਾਂ ਨੇ ਤਾਂ ਜੈਕਾਰੇ ਬੁਲਾਏ ਪਰ ਜਥੇਦਾਰ ਨਿਹੰਗ ਸਾਧੂ ਸਿੰਘ ਜੀ ਉਸਦੇ ਭਲੇ ਲਈ ਅਰਦਾਸ ਕਰ ਰਹੇ ਸਨ। ਸੋ ਇਸ ਤਰ੍ਹਾਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਭੀ ਸਭ ਕੁਝ ਕਰਨ ਨੂੰ ਸਮਰੱਥ ਸੰਤ, ਚਰਨਾਂ ਦੀ ਧੂੜ ਹੀ ਬਣੇ ਰਹਿੰਦੇ ਹਨ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ

***ਸੰਤ ਰਹਤ ਸੁਨਹੁ ਮੇਰੇ ਭਾਈ॥***<br>
***ਉਆ ਕੀ ਮਹਿਮਾ ਕਥਨੁ ਨ ਜਾਈ॥***

***ਅੰਗ - 392***

ਸੰਤਾਂ ਦੀ ਮਰਿਯਾਦਾ ਸੁਣੋ! ਉਸ ਰਹਿਤ ਦੀ ਖੂਬੀ ਦਸੀ ਨਹੀਂ ਜਾ ਸਕਦੀ। ਸੰਤਾਂ ਦੀ ਮਹਿਮਾ ਵੀ ਦੱਸੀ ਨਹੀਂ ਜਾ ਸਕਦੀ, ਵੇਦ ਵੀ ਨਹੀਂ ਦਸ ਸਕਦੇ। ਫੁਰਮਾਨ ਆਉਂਦਾ ਹੈ -

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***<br>
***ਜੇਤਾ ਸੁਨਹਿ ਤੇਤਾ ਬਖਿਆਨਹਿ॥***<br>
***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥***<br>
***ਸਾਧ ਕੀ ਉਪਮਾ ਰਹੀ ਭਰਪੂਰਿ॥***<br>
***ਸਾਧ ਕੀ ਸੋਭਾ ਕਾ ਨਾਹੀ ਅੰਤ॥***<br>
***ਸਾਧ ਕੀ ਸੋਭਾ ਸਦਾ ਬੇਅੰਤ॥***<br>
***ਸਾਧ ਕੀ ਸੋਭਾ ਊਚ ਤੇ ਊਚੀ॥***<br>
***ਸਾਧ ਕੀ ਸੋਭਾ ਮੂਚ ਤੇ ਮੂਚੀ॥***<br>
***ਸਾਧ ਕੀ ਸੋਭਾ ਸਾਧ ਬਨਿ ਆਈ॥***<br>
***ਨਾਨਕ ਸਾਧ ਪ੍ਰਭ ਭੇਦ ਨ ਪਾਈ॥***

***ਅੰਗ - ੨੭੨***

ਸੰਤ, ਵਾਹਿਗੁਰੂ ਜੀ ਵਿਚ ਅਭੇਦ ਹੋ ਕੇ ਆਪਣੇ ਆਪ ਦਾ ਪੂਰਨ ਤਿਆਗ ਕਰਕੇ ਵਰਤਦੇ ਹਨ ਇਸੇ ਲਈ ਬਾਰ-ਬਾਰ ਗੁਰਬਾਣੀ ਵਿਚ ਆਉਂਦਾ ਹੈ ਕਿ -

***ਸੰਤਾ ਕਉ ਮਤਿ ਕੋਈ ਨਿੰਦਹੁ***<br>
***ਸੰਤ ਰਾਮੁ ਹੈ ਏਕੋੁ॥ ਅੰਗ - ੭੯੩***<br>
***ਕਬੀਰ ਸੇਵਾ ਕਉ ਦੁਇ ਭਲੇ***<br>
***ਏਕੁ ਸੰਤੁ ਇਕੁ ਰਾਮੁ॥***<br>
***ਰਾਮੁ ਜੁ ਦਾਤਾ ਮੁਕਤਿ ਕੋ***<br>
***ਸੰਤੁ ਜਪਾਵੈ ਨਾਮ॥ ਅੰਗ - ੧੩੭੩***

ਅਤੇ ਜਿਸ ਥਾਂ ਦੇ ਉਤੇ ਸੰਤ ਨਿਵਾਸ ਰਖਦੇ ਹੋਣ ਉਸ ਅਸਥਾਨ ਦੀ ਵੀ ਮਹਿਮਾ ਅਪਾਰ ਹੋ ਜਾਇਆ ਕਰਦੀ ਹੈ। ਜਿਵੇਂ ਕਿ -

***ਧੰਨਿ ਸੁ ਥਾਨੁ ਧੰਨਿ ਓਇ***<br>
***ਭਵਨਾ ਜਾ ਮਹਿ ਸੰਤ ਬਸਾਰੇ॥***

***ਅੰਗ - ੬੮੧***

ਸੰਤਾਂ ਦੇ ਮੰਡਲ ਵਿਚ ਕੇਵਲ ਨਾਮ ਦੀ ਵਰਤਣ ਹੋਇਆ ਕਰਦੀ ਹੈ।

***ਵਰਤਣਿ ਜਾ ਕੈ ਕੇਵਲ ਨਾਮ॥***<br>
***ਅਨਦ ਰੂਪ ਕੀਰਤਨੁ ਬਿਸ੍ਰਾਮ॥***

***ਅੰਗ - ੩੯੨***

ਸੰਤਾਂ ਦਾ ਅਰਾਮ ਕਰਨਾ ਇਹੋ ਹੋਇਆ ਕਰਦਾ ਹੈ ਕਿ ਉਹ ਪ੍ਰਭੂ ਦੇ ਪਿਆਰ ਵਿਚ ਲੀਨ ਹੋਏ ਹੋਏ ਕੀਰਤਨ ਕਰਦੇ ਹਨ। ਇਸ ਕੀਰਤਨ ਵਿਚ ਕੋਈ ਥਕਾਵਟ ਨਹੀਂ ਹੋਇਆ ਕਰਦੀ। ਐਨੀ ਐਨਰਜੀ ਵੱਧ ਜਾਇਆ ਕਰਦੀ ਹੈ ਕਿ ਸਰੀਰ ਦੇ ਕਣ-ਕਣ ਵਿਚ ਜਿਉਂਦੀਆਂ-ਜਾਗਦੀਆਂ ਰਸ ਭਰਪੂਰ ਝੁਣ-ਝੁਣੀ ਭਰੀਆਂ ਝਰਨ੍ਹਾਟਾਂ ਆਇਆ ਕਰਦੀਆਂ ਹਨ ਅਤੇ ਥਕੇਵੇਂ ਨਾਮ ਦੀ ਕੋਈ ਚੀਜ਼ ਸੰਤਾਂ ਦੇ ਨੇੜੇ ਨਹੀਂ ਆਇਆ ਕਰਦੀ। ਸਰੀਰ ਦੇ ਦੋ ਖਰਬ ਪੰਦਰਾਂ ਅਰਬ ਸੈਲ ਪੂਰੀ ਤਰ੍ਹਾਂ ਚਾਰਜ ਹੋ ਜਾਇਆ ਕਰਦੇ ਹਨ ਅਤੇ ਸਰੀਰ ਪੂਰੀ ਤਰ੍ਹਾਂ ਅਰੋਗ ਹੋ ਜਾਂਦਾ ਹੈ। ਮਹਾਰਾਜ ਜੀ ਅੱਗੇ ਫੁਰਮਾਉਂਦੇ ਹਨ ਕਿ ਸੰਤਾਂ ਵਾਸਤੇ ਨਾ ਹੀ ਕੋਈ ਸ਼ਤਰੂ ਤੇ ਨਾ ਹੀ ਕੋਈ ਮਿੱਤਰ ਹੋਇਆ ਕਰਦਾ ਹੈ। ਉਹ ਸਭਨਾਂ ਦੀ ਧਿਰ ਹੁੰਦੇ ਹਨ ਅਤੇ ਸਭਨਾਂ ਨੂੰ ਹੀ ਉਹ ਆਪਣੇ ਜਾਣਿਆ ਕਰਦੇ ਹਨ। ਫੁਰਮਾਨ ਹੈ -

***ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ॥***<br>
***ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥***

***ਅੰਗ - ੩੯੨***

ਕਈ ਮੂਰਖ ਅੰਧ ਅਗਿਆਨੀ, ਸੰਤਾਂ ਦੀ ਇਸ ਬਿਰਤੀ ਨੂੰ ਨਾ ਸਮਝਣ ਕਰਕੇ ਦੋਸ਼ ਲਾਉਂਦੇ ਹਨ ਕਿ ਫਲਾਣੇ ਸੰਤਾਂ ਦੇ ਕੀਰਤਨ ਵਿਚ ਅਮਕਾ ਆਦਮੀ

ਆਉਂਦਾ ਹੈ। ਜੋ ਉਨ੍ਹਾਂ ਦੇ ਆਪਣੇ ਹਿਤ ਤੋਂ ਵਿਪਰੀਤ ਹੈ ਉਹ ਸੰਤਾਂ ਦੇ ਖਿਲਾਫ ਰੌਲਾ-ਰੱਪਾ ਪਾਉਂਦੇ ਹਨ ਕਿ ਇਨ੍ਹਾਂ ਕੋਲ ਤਾਂ ਅਫਸਰ ਜਾਂਦੇ ਹਨ, ਇਨ੍ਹਾਂ ਕੋਲ ਵਜ਼ੀਰ ਜਾਂਦੇ ਹਨ, ਇਨ੍ਹਾਂ ਕੋਲ ਸੇਠ ਜਾਂਦੇ ਹਨ ਜਾਂ ਸਮਾਜਿਕ ਦੋਸ਼ੀ ਜਾਂਦੇ ਹਨ। ਇਨ੍ਹਾਂ ਗੱਲਾਂ ਦਾ ਆਪਣੀ ਅਲਪ ਬੁੱਧੀ ਦੇ ਅਨੁਸਾਰ ਨਤੀਜਾ ਕੱਢ ਕੇ ਸੰਤਾਂ ਦੀ ਨਿੰਦਿਆ ਕਰਦੇ ਹਨ। ਡਾਕਟਰ ਨੂੰ ਕਦੇ ਕੋਈ ਨਹੀਂ ਆਖਦਾ ਕਿ ਇਸ ਦੇ ਕੋਲ ਕੈਂਸਰ ਵਾਲੇ ਕਿਉਂ ਆਉਂਦੇ ਹਨ, AIDS ਵਾਲੇ ਕਿਉਂ ਆਉਂਦੇ ਹਨ, ਇਹ ਇਕ ਅਤਿ ਨਿਰਮੂਲ ਭੁੱਲ ਹੈ ਕਿਉਂਕਿ ਉਹ ਆਪਣੇ ਗਜ਼ਾਂ ਦੇ ਨਾਲ ਮਹਾਨ ਹਸਤੀਆਂ ਨੂੰ ਨਾਪਣ ਦਾ ਜਤਨ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਇਨ੍ਹਾਂ ਦੇ ਪਾਸ ਅਸਾਡੀ ਪਾਰਟੀ ਦੇ ਹੀ ਬੰਦੇ ਜਾਣ, ਹੋਰ ਕੋਈ ਨਾ ਜਾਵੇ। ਆਪਣੇ ਅਗਿਆਨਮਈ ਮਤ ਨਾਲ ਸੰਤਾਂ ਨੂੰ guide ਕਰਨਾ ਚਾਹੁੰਦੇ ਹਨ ਅਤੇ ਸੰਤਾਂ ਦੀ ਲਿਖਤ ਵਿਚ ਸਟੇਜਾਂ ਤੇ ਬੋਲ-ਬੋਲ ਕੇ ਨਿੰਦਾ ਕਰਦੇ ਹਨ। ਇਹ ਮੂਰਖ ਲੋਕ ਸੰਤਾਂ ਨੂੰ ਸਮਝ ਹੀ ਨਹੀਂ ਸਕਦੇ ਕਿ ਸੰਤਾਂ ਦਾ ਕਿਸੇ ਨਾਲ ਨਾ ਹੀ ਹਿਤ ਹੁੰਦਾ ਹੈ ਤੇ ਨਾ ਹੀ ਅਹਿਤ ਹੁੰਦਾ ਹੈ, ਨਾ ਕਿਸੇ Political ਬੰਦੇ ਨੂੰ ਆਪਣਾ ਸਮਝਦੇ ਹਨ ਅਤੇ ਨਾ ਹੀ ਬੇਗਾਨਾ ਸਮਝਦੇ ਹਨ। ਸੰਤਾਂ ਦਾ ਕੰਮ ਹੈ ਕਿ ਜੋ ਵੀ ਨੇੜੇ ਆਉਂਦਾ ਹੈ ਉਸ ਨੂੰ ਸ਼ੁਭ ਉਪਦੇਸ਼ ਦੇ ਕੇ ਉਸਦੇ ਕਰਤੱਵ ਵਿਚ ਸਾਵਧਾਨ ਕਰਨਾ ਹੈ। ਉਹ ਕਿਸੇ ਦੀ ਮੁਹਤਾਜੀ ਨਹੀਂ ਕਰਦੇ ਅਤੇ ਬੇਪਰਵਾਹ ਹੋਇਆ ਕਰਦੇ ਹਨ ਕਿਉਂਕਿ ਮਾਇਆ ਤਾਂ ਉਨ੍ਹਾਂ ਦੇ ਪਿਛੇ ਹੱਥ ਬੰਨ੍ਹੀ ਫਿਰਦੀ ਹੈ ਅਤੇ ਸੰਤ ਅੱਖ ਚੁਕ ਕੇ ਵੀ ਨਹੀਂ ਦੇਖਦੇ। ਆਪਣੇ ਵਾਹਿਗੁਰੂ ਤੋਂ ਬਗੈਰ ਕਿਸੇ ਦੀ ਮੁਹਤਾਜੀ ਕਿਉਂ ਝੱਲਣ-

***ਸੰਤਨ ਅਵਰ ਨਾ ਕਾਹੂ ਜਾਨੀ॥***
***ਬੇਪਰਵਾਹ ਸਦਾ ਰੰਗਿ ਹਰਿ ਕੈ***
***ਜਾ ਕੋ ਪਾਖੁ ਸੁਆਮੀ॥ ਅੰਗ - ੭੧੧***

ਸੰਤਾਂ ਨੇ ਹਰੀ ਦੇ ਨਾਮ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਜਾਣੀ। ਜਿਨ੍ਹਾਂ ਦੀ ਵਾਹਿਗੁਰੂ ਜੀ ਆਪ ਸਹਾਇਤਾ ਕਰਦੇ ਹਨ ਉਹ ਕਿਸੇ ਦੁਨੀਆਦਾਰ ਦੀ ਕੀ ਪਰਵਾਹ ਰਖਦੇ ਹਨ ਕਿਉਂਕਿ ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵਿਚਰਦੇ ਹਨ। ਉਨ੍ਹਾਂ ਦੇ ਪੱਖ ਉਤੇ ਸਦਾ ਵਾਹਿਗੁਰੂ ਜੀ ਦਾ ਹੱਥ ਹੈ। ਪ੍ਰਹਿਲਾਦ ਦਾ ਕੀ ਵਿਗਾੜਿਆ ਹਰਨਾਖਸ਼ ਨੇ ਅਤੇ ਉਸਦੀਆਂ ਫੌਜਾਂ ਨੇ? ਇਹ ਸਾਰੇ ਪ੍ਰਗਟ ਹੀ ਹੈ ਕਿ ਜਿਸਦੀ ਪੈਜ ਤੇ ਉਚਤਾ ਵਾਹਿਗੁਰੂ ਜੀ ਨੂੰ ਭਾਉਂਦੀ ਹੈ ਉਸਨੂੰ ਨਿੰਦਕ ਕੀ ਕਰ ਸਕਦਾ ਹੈ। ਨਿੰਦਕ ਨੇ ਡੁੱਬ ਕੇ ਜਨਮ ਗਵਾਉਣਾ ਹੈ ਤੇ ਸੰਤ ਉਸਦਾ ਵੀ ਭਲਾ ਚਾਹੁੰਦੇ ਹਨ-

***ਰੰਗਿ ਹਸਹਿ ਰੰਗਿ ਰੋਵਹਿ***
***ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ***
***ਬਾਝੁ ਸਚੇ ਨਾਹ॥ ਅੰਗ - ੪੭੩***

ਮਿਤ੍ਰ ਸਤ੍ਰ ਦੀ ਸਮਾਨਤਾ ਕੇਵਲ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ। ਬਾਕੀ ਸੰਸਾਰ ਵੈਰ, ਵਿਰੋਧ ਤੇ ਬਦਲੇ ਲੈਣ ਵਿਚ ਲੱਗਿਆ ਪਿਆ ਹੈ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ - ਆਪ ਸਿੱਖ ਪੰਥ ਦੇ ਥੰਮ੍ਹ ਸਨ। ਮਹਾਰਾਜਾ ਰਣਜੀਤ ਸਿੰਘ ਜੀ ਜਦੋਂ ਜਮਰੌਦ ਦੇ ਕਿਲ੍ਹੇ ਵਲ ਬਹੁਤ ਵੱਡੀ ਫੌਜ ਲੈ ਕੇ ਅਟਕ ਦੇ ਕਿਨਾਰੇ ਪੁਜੇ ਤਾਂ ਦਰਿਆ ਠਾਠਾਂ ਮਾਰਦਾ ਕੰਢਿਆਂ ਤੋਂ ਉਪਰ ਦੀ ਵਗ ਰਿਹਾ ਸੀ। ਉਸ ਵੇਲੇ ਬਾਬਾ ਜੀ ਨੂੰ ਬੇਨਤੀ ਕੀਤੀ। ਆਪ ਨੇ ਸੁਖਮਨੀ ਸਾਹਿਬ ਦੇ ਪੜ੍ਹੇ ਜਾਣ ਜਿੰਨਾ ਟਾਇਮ ਲੈ ਕੇ ਰਸਤਾ ਲੈ ਲਿਆ। 'ਅਟਕ' ਅਟਕ ਗਿਆ, ਫੌਜਾਂ ਲੰਘ ਗਈਆਂ। ਕੁਝ ਫੌਜ ਜੋ ਇਸ ਗੱਲ ਵਿਚ ਵਿਸ਼ਵਾਸ਼ ਨਹੀਂ ਰਖਦੀ ਸੀ ਉਹ ਇਕ ਕੰਪਨੀ ਰੁੜ੍ਹ ਗਈ। ਐਸੇ ਗਰੀਬ ਨਿਵਾਜ ਜੋ ਸਦਾ ਅਤੁੱਟ ਲੰਗਰ ਚਲਾ ਕੇ ਗਰੀਬ-ਗੁਰਬਿਆਂ ਨੂੰ ਪ੍ਰਸ਼ਾਦੇ ਛਕਾਇਆ ਕਰਦੇ ਸਨ। ਜਿਨ੍ਹਾਂ ਦੇ ਲੰਗਰ ਵਿਚ ਐਸੇ ਦੇਗੇ ਸਨ ਕਿ ਚਾਰ ਸੇਵਾਦਾਰ ਇਕੋ ਟਾਇਮ ਵਿਚ ਵੜ ਕੇ ਸਫਾਈ ਕਰਦੇ ਅਤੇ ਛੋਟੀ ਮੰਜੀ ਉਸ ਵਿਚ ਡਾਹੀ ਜਾ ਸਕਦੀ ਸੀ। ਐਸੇ ਪ੍ਰਤਾਪੀ ਮਹਾਂਪੁਰਸ਼ਾਂ ਉਪਰ ਗੁਰੂ ਮਾਰੀ ਫੌਜ ਨੇ ਇਕ ਲੱਖ ਦੀ ਗਿਣਤੀ ਵਿਚ ਤੋਪਾਂ, ਘੋੜਿਆਂ ਸਹਿਤ ਹਮਲਾ ਕਰ ਦਿਤਾ। ਬਾਬਾ ਬੀਰ ਸਿੰਘ ਜੀ ਨੂੰ ਜਦੋਂ ਪਤਾ ਲੱਗਿਆ ਤਾਂ ਆਪ ਜੀ ਨੇ ਬਿਆਸਾ ਦਰਿਆ ਦੇ ਕਿਨਾਰੇ ਪਹੁੰਚ ਕੇ ਵੱਡੇ ਦੇਗੇ ਕੜਾਹ ਦੇ ਬਣਾਉਣ ਦਾ ਹੁਕਮ ਦਿਤਾ ਜੋ ਡੇਢ ਲੱਖ ਬੰਦੇ ਵਾਸਤੇ ਕਾਫੀ ਹੋਵੇ। ਫੌਜਾਂ ਆ ਗਈਆਂ ਬਾਬਾ ਜੀ ਨੇ ਸਭ ਨੂੰ ਵਰਜ ਦਿਤਾ ਕਿ ਪਿਆਰਿਓ! ਗੁਰੂ ਦਾ ਫੁਰਮਾਨ ਯਾਦ ਰਖੋ -

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥***
***ਅੰਗ - ੨੭੮***

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥***
***ਅੰਗ - ੧੨੯੯***

ਇਸ ਸੰਸਾਰ ਵਿਚ ਸੰਤਾਂ ਦੀ ਦ੍ਰਿਸ਼ਟੀ ਵਿਚ

ਵਾਹਿਗੁਰੂ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਹਰ ਘਟ ਵਿਚ ਵਾਹਿਗੁਰੂ ਜੀ ਆਪ ਹੀ ਵਿਆਪਕ ਹਨ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

***ਵਵਾ ਵੈਰੁ ਨ ਕਰੀਐ ਕਾਹੂ।।***
***ਘਟ ਘਟ ਅੰਤਰਿ ਬ੍ਰਹਮ ਸਮਾਹੂ।।***
***ਅੰਗ - ੨੫੯***

ਇਨ੍ਹਾਂ ਪ੍ਰਕਾਸ਼ਮਈ ਆਦਰਸ਼ਾਂ ਦੇ ਹੁੰਦਿਆਂ ਅਸਾਡੇ ਵਿਚੋਂ ਕਿਸੇ ਨੇ ਵੀ ਸ਼ਸ਼ਤਰ ਨਹੀਂ ਚੁਕਣੇ ਅਤੇ ਆਪਣੇ ਆਏ ਭਰਾਵਾਂ ਦੀ ਸੇਵਾ ਕਰਨੀ ਹੈ ਉਹ ਲਾਹੌਰ ਤੋਂ ਚਲ ਕੇ ਆ ਰਹੇ ਹਨ। ਰਸਤੇ ਵਿਚ ਉਨ੍ਹਾਂ ਨੇ ਕਿਤੇ ਵੀ ਪ੍ਰਸ਼ਾਦਾ ਨਹੀਂ ਛਕਿਆ। ਇਹ ਗੁਰੂ ਨਾਨਕ ਦਾ ਲੰਗਰ ਹੈ ਅਸੀਂ ਇਸਦੇ ਸੇਵਾਦਾਰ ਹਾਂ ਅਸਾਡਾ ਫਰਜ਼ ਹੈ ਕਿ ਇਨ੍ਹਾਂ ਆਏ ਵੀਰਾਂ ਨੂੰ ਪ੍ਰਸ਼ਾਦ ਪਾਣੀ ਸਭ ਤੋਂ ਪਹਿਲਾਂ ਛਕਾਇਆ ਜਾਵੇ।

ਜਦੋਂ ਕੁਝ ਸਿੱਖ ਸਰਦਾਰਾਂ ਨੇ ਕਿਹਾ ਕਿ ਬਾਬਾ ਜੀ! ਉਹ ਤਾਂ ਤੋਪਾਂ ਲੈ ਕੇ ਤੁਹਾਨੂੰ ਉਡਾਉਣ ਲਈ ਆ ਰਹੇ ਹਨ ਤਾਂ ਬਾਬਾ ਜੀ ਨੇ ਕਿਹਾ ਕਿ ਭਾਈ ਸਿੰਘੋ! ਉਹ ਪ੍ਰਮੇਸ਼ਰ ਰੂਪ ਹੀ ਹਨ। ਜੇ ਅਸਾਡਾ ਸਰੀਰ ਤੋਪ ਨਾਲ ਉਡਣਾ ਹੈ ਤਾਂ ਇਹ ਧੁਰ ਦਰਗਾਹੀ ਕਲਮ ਦੇ ਮੁਤਾਬਿਕ ਹੀ ਹੈ। ਜੋ ਅਸੀਂ ਮਸਤਕ ਵਿਚ ਲਿਖਵਾ ਕੇ ਲਿਆਏ ਹਾਂ ਉਹੋ ਹੀ ਹੋਣਾ ਹੈ ਫੇਰ ਰੋਸ ਕਿਸ ਗੱਲ ਦਾ ਕਰਨਾ ਹੈ। ਗੁਰਸਿੱਖ ਲਈ ਕੋਈ ਵੀ ਵੈਰੀ ਨਹੀਂ ਹੈ ਤੇ ਇਹ ਸਿਦਕ ਦਿਲੀ ਨਾਲ ਅਰਦਾਸ ਕਰਦਾ ਹੈ-

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।।***

ਬਾਬਾ ਜੀ ਤੋਪ ਨਾਲ ਸ਼ਹੀਦ ਕਰ ਦਿਤੇ ਗਏ ਪਰ ਜਦੋਂ ਗੁਰੂ ਮਾਰੀਆਂ ਫੌਜਾਂ ਬਾਬਾ ਜੀ ਦੇ ਲੰਗਰ ਵਿਚ ਆਈਆਂ ਤਾਂ ਸੇਵਾਦਾਰਾਂ ਨੇ ਬਹੁਤ ਹੀ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਭਾਵੇਂ ਉਨ੍ਹਾਂ ਦੇ ਨੇਤਰਾਂ ਵਿਚੋਂ ਬਾਬਾ ਜੀ ਦੇ ਵਿਯੋਗ ਵਿਚ ਹੰਝੂ ਚਲ ਰਹੇ ਸਨ। ਸੋ ਇਸ ਤਰ੍ਹਾਂ ਬਹੁਤ ਸਾਰੀਆਂ ਮਿਸਾਲਾਂ ਗੁਰੂ ਘਰ ਵਿਚ ਹਨ। ਸੰਤਾਂ ਲਈ ਮਿਤ੍ਰ-ਸਤ੍ਰ ਦੀ ਕੋਈ ਪਹਿਚਾਣ ਨਹੀਂ ਹੈ। ਉਨ੍ਹਾਂ ਨੂੰ ਸਤਿ ਦੀ ਪਛਾਣ ਹੈ ਉਹ ਸਾਰਿਆਂ ਵਿਚ ਆਪਣੇ ਪ੍ਰਭੂ ਨੂੰ ਹੀ ਜਾਣਦੇ ਹਨ।

ਬਾਬਾ ਆਇਆ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਡੇਰੇ ਵਿਚ ਦੁਧ ਦੇਣ ਵਾਲੇ ਪਸ਼ੂ, ਬਿਲੋਚਿਸਤਾਨ ਤੋਂ ਆਏ ਹੋਏ ਧਾੜਵੀਆਂ ਨੇ ਖੋਲ੍ਹ ਲਏ। ਜਦੋਂ ਸਵੇਰੇ ਬਾਬਾ ਜੀ ਨੂੰ ਪਤਾ ਲਗਿਆ ਤਾਂ ਉਨ੍ਹਾਂ ਸਾਰੇ ਦੁਧਾਰੂ ਪਸ਼ੂਆਂ ਦੇ ਪਿਛੇ ਰਹੇ ਕਟਰੂਆਂ-ਬਛਰੂਆਂ ਨੂੰ ਆਪਣੇ ਸੇਵਕਾਂ ਦੇ ਪਾਸ ਦੇ ਕੇ ਖੁਰਾ ਕੱਢਣ ਵਾਲੇ ਨੂੰ ਨਾਲ ਭੇਜ ਕੇ ਤਾਕੀਦ ਕਰ ਦਿਤੀ ਕਿ ਇਹ ਸਾਰੇ ਲਵਾਰੇ ਉਨ੍ਹਾਂ ਨੂੰ ਦੇ ਆਵੋ, ਉਨ੍ਹਾਂ ਨੂੰ ਦੁਧ ਦੇਣਾ ਔਖਾ ਹੋ ਜਾਵੇਗਾ। ਬਾਰਡਰ ਤੇ ਲੰਘਦੇ ਹੋਇਆਂ ਨੂੰ ਪੁਲਿਸ ਨੇ ਫੜ ਲਿਆ। ਉਹ ਸਾਰੇ ਧਾੜਵੀਆਂ ਨੂੰ; ਪਸ਼ੂਆਂ ਸਮੇਤ ਵਾਪਸ ਹੋਤੀ ਮਰਦਾਨ ਦੇ ਡੇਰੇ ਲੈ ਆਏ। ਜਦੋਂ ਬਾਬਾ ਜੀ ਨੂੰ ਪੁਲਿਸ ਨੇ ਪੁਛਿਆ ਕਿ ਇਹ ਚੋਰ ਤੁਹਾਡੇ ਪਸ਼ੂ ਖੋਲ੍ਹ ਕੇ ਲੈ ਗਏ ਸਨ? ਤਾਂ ਬਾਬਾ ਜੀ ਦਾ ਉਤਰ ਸੀ ਕਿ ਅਸਾਡੇ ਲਈ ਕੋਈ ਚੋਰ ਨਹੀਂ ਹੈ ਅਸਾਡੇ ਲਈ ਸਭ ਪ੍ਰਮੇਸ਼ਰ ਰੂਪ ਹਨ। ਇਹ ਪਸ਼ੂ ਸਾਡੇ ਨਹੀਂ ਹਨ, ਜਿਨ੍ਹਾਂ ਲੋਕਾਂ ਕੋਲ ਫਾਲਤੂ ਸੀ ਉਹ ਏਥੇ ਬੰਨ੍ਹ ਗਏ ਸਨ ਅਤੇ ਇਹ ਪ੍ਰੇਮੀ ਲੋੜਵੰਦ ਸਨ ਇਹ ਲੈ ਗਏ। ਅਸਾਨੂੰ ਇਸਦਾ ਕਿੰਚਤ ਮਾਤਰ ਵੀ ਦੁਖ ਨਹੀਂ ਹੈ ਸਗੋਂ ਖੁਸ਼ੀ ਹੈ ਕਿ ਹੁਣ ਅਸੀਂ ਬਿਨਾਂ ਸਮਾਂ ਗਵਾਏ ਭਜਨ ਹੀ ਕਰਾਂਗੇ। ਇਹ ਹੁੰਦੀ ਹੈ ਸੰਤਾਂ ਦੀ ਦ੍ਰਿਸ਼ਟੀ, ਜਿਸਦੀ ਵਡਿਆਈ ਬਾਰ-ਬਾਰ ਗੁਰੂ ਮਹਾਰਾਜ ਜੀ ਨੇ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ ਇਨ੍ਹਾਂ ਮਹਾਨ ਪਵਿੱਤਰ ਹਸਤੀਆਂ ਦਾ ਜਿਸ ਥਾਂ ਦੇ ਉਤੇ ਚਰਨ ਲਗ ਜਾਇਆ ਕਰਦਾ ਹੈ ਉਹ ਥਾਂ ਪਵਿੱਤਰ ਹੋ ਜਾਇਆ ਕਰਦਾ ਹੈ। ਜੋ ਧੂੜੀ ਇਨ੍ਹਾਂ ਦੇ ਚਰਨਾਂ ਨੂੰ ਲਗ ਜਾਵੇ ਉਹ ਵੀ ਐਸੀ ਪਵਿੱਤਰ ਹੁੰਦੀ ਹੈ ਕਿ ਅਠਾਹਠ ਤੀਰਥਾਂ ਦੇ ਅਭਿਮਾਨੀ ਦੇਵਤਾ ਇਸ ਧੂੜੀ ਦੀ ਲੋਚਨਾ ਕਰਦੇ ਪ੍ਰਭੂ ਪਾਸ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ! ਸਾਨੂੰ ਸੰਤਾਂ ਦੀ ਧੂੜੀ ਪ੍ਰਦਾਨ ਕਰੋ ਤਾਂ ਕਿ ਪਾਪੀਆਂ ਦੇ ਛੱਡੇ ਹੋਏ ਅਨੇਕਾਂ ਪਾਪ, ਜਿਨ੍ਹਾਂ ਨੇ ਸਾਡਾ ਰੰਗ ਕਾਲਾ ਕਰ ਦਿਤਾ ਹੈ, ਉਹ ਦੂਰ ਹੋ ਜਾਣ।

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ***
***ਧੂਰਿ ਸਾਧੂ ਕੀ ਤਾਈ।।***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ।।***
***ਤੀਰਥਿ ਅਠਸਠਿ ਮਜਨੁ ਨਾਈ।।***
***ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ***
***ਸਭ ਦੁਰਮਤਿ ਮੈਲੁ ਗਵਾਈ।।***
***ਜਾਹਰਨਵੀ ਤਪੈ ਭਾਗੀਰਥਿ***
***ਆਣੀ ਕੇਦਾਰੁ ਥਾਪਿਓ ਮਹਸਾਈ।।***
***ਕਾਂਸੀ ਕ੍ਰਿਸਨੁ ਚਰਾਵਤ ਗਾਊ***
***ਮਿਲਿ ਹਰਿ ਜਨ ਸੋਭਾ ਪਾਈ।।***
***ਜਿਤਨੇ ਤੀਰਥ ਦੇਵੀ ਥਾਪੇ***
***ਸਭਿ ਤਿਤਨੇ ਲੋਚਹਿ***
***ਧੂਰਿ ਸਾਧੂ ਕੀ ਤਾਈ।।***
***ਹਰਿ ਕਾ ਸੰਤੁ ਮਿਲੈ ਗੁਰ ਸਾਧੂ***

***ਲੈ ਤਿਸ ਕੀ ਧੂਰਿ ਮੁਖਿ ਲਾਈ॥***
***ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ***
***ਸਭ ਤਿਤਨੀ ਲੋਚੈ***
***ਧੂਰਿ ਸਾਧੂ ਕੀ ਤਾਈ॥***
***ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ***
***ਤਿਸੁ ਸਾਧੂ ਧੂਰਿ ਦੇ***
***ਹਰਿ ਪਾਰਿ ਲੰਘਾਈ॥ ਅੰਗ - ੧੨੬੩***

ਸੋ ਇਸ ਤਰ੍ਹਾਂ ਫੁਰਮਾਨ ਕਰਦੇ ਹੋਏ ਗੁਰੂ ਮਹਾਰਾਜ ਦਸਦੇ ਹਨ ਕਿ ਸੰਤਾਂ ਨੂੰ ਵਾਹਿਗੁਰੂ ਜੀ ਨੇ ਐਨੀਆਂ ਬਰਕਤਾਂ ਦਿਤੀਆਂ ਹੁੰਦੀਆਂ ਹਨ ਕਿ ਉਹ ਅਧਮ ਜੂਨੀਆਂ ਵਿਚ ਪਾਪ ਕਰਕੇ ਗਏ ਹੋਏ ਪ੍ਰਾਣੀਆਂ ਦਾ ਉਧਾਰ ਸਦਾ ਹੀ ਕਰਦੇ ਰਹਿੰਦੇ ਹਨ। ਉਹ ਦਾਤਾਰ ਹਨ ਤੇ ਜੀਅ ਦੇ ਦੁਖ ਦੂਰ ਕਰਦੇ ਹਨ, ਖੁਸ਼ੀਆਂ ਵੰਡਦੇ ਹਨ, ਦੁਖੀ ਦਾ ਦੁਖ ਦੂਰ ਕਰਨ ਵਾਸਤੇ ਸਦਾ ਹੀ ਪਰਉਪਕਾਰ ਕਰਦੇ ਹਨ ਉਨ੍ਹਾਂ ਦੇ ਅੰਦਰ ਪਰਉਪਕਾਰ ਕਰਨ ਦਾ ਉਮਾਹ (ਚਸ਼ਮਾ) ਹੁੰਦਾ ਹੈ। ਜਿਵੇਂ ਗੁਲਾਬ ਦੇ ਫੁੱਲ ਵਿਚੋਂ ਖੁਸ਼ਬੂ ਆਇਆ ਕਰਦੀ ਹੈ ਇਸੇ ਤਰ੍ਹਾਂ ਹੀ ਸੰਤਾਂ ਦੀ ਰਹਿਤ ਵਿਚ ਪਰਉਪਕਾਰ ਦੇ ਕੰਮ ਆਪਣੇ ਆਪ ਹੀ ਹੋਇਆ ਕਰਦੇ ਹਨ।

***ਕੋਟਿ ਕੋਟਿ ਅਘ ਕਾਟਨਹਾਰਾ॥***
***ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥***
***ਅੰਗ - 392***

ਇਸ ਪਰ ਬਹੁਤ ਸਾਰੇ ਮਹਾਤਮਾ ਦੀਆਂ ਸਾਖੀਆਂ ਹਨ ਜਿਵੇਂ ਕਿ -

ਸੰਤ ਰਾੜਾ ਸਾਹਿਬ ਵਾਲੇ ਮਹਾਂਪੁਰਸ਼ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ), ਜਦੋਂ ਢੱਕੀ ਵਿਚ ਆ ਕੇ ਅਤਿ ਕਰੜੀਆਂ ਘਾਲਾਂ, ਘਾਲ ਰਹੇ ਸਨ ਉਸ ਸਮੇਂ ਆਪ ਜੀ ਟੋਆ ਪੁਟ ਕੇ ਉਸ ਉਪਰ ਇਕ ਛਪਰੀ ਦੀ ਛਾਂ ਕਰਕੇ ਦਿਨ ਰਾਤ ਅਖੰਡਾਕਾਰ ਬਿਰਤੀ ਨਾਲ, ਅਥੋਲ, ਵਾਹਿਗੁਰੂ ਜੀ ਨਾਲ ਲਿਵ ਵਿਚ ਰਿਹਾ ਕਰਦੇ ਸਨ। ਉਸ ਸਮੇਂ ਦੀ ਗੱਲ ਹੈ ਕਿ ਇਕ ਸੱਪ ਹਰ ਰੋਜ਼ ਹੀ ਉਨ੍ਹਾਂ ਦੇ ਟੋਏ ਦੇ ਸਾਹਮਣੇ ਆ ਕੇ ਫਣ ਚੁਕ ਕੇ ਖੜ੍ਹਾ ਰਹਿੰਦਾ। ਸੇਵਾਦਾਰਾਂ ਨੂੰ ਚਿੰਤਾ ਹੋਈ ਤੇ ਹੁਕਮ ਲੈਣ ਲਗੇ ਕਿ ਮਹਾਰਾਜ ਆਗਿਆ ਹੋਵੇ ਤਾਂ ਇਸ ਨੂੰ ਮਾਰ ਦਿਤਾ ਜਾਵੇ। ਮਹਾਂਪੁਰਸ਼ ਕਹਿਣ ਲੱਗੇ ਕਿ ਇਸਦਾ ਕਾਲ ਆਪਣੇ ਆਪ ਹੀ ਆਉਣ ਵਾਲਾ ਹੈ ਤੁਸੀਂ ਮਸਤ ਰਹੋ। ਚਾਰ-ਪੰਜ ਦਿਨ ਬਾਦ ਉਹ ਸੱਪ ਬਿਨਾਂ ਮਾਰਿਆਂ ਆਪੇ ਹੀ ਮਰ ਗਿਆ ਅਤੇ ਉਨ੍ਹਾਂ ਦੀ ਛਪਰੀ ਦੇ ਲਾਗੇ ਮਰਿਆ ਪਿਆ ਸੀ। ਜਦੋਂ ਸਾਰੇ ਸਿੰਘਾਂ ਨੇ ਪੁਛਿਆ, ਤਾਂ ਮਹਾਰਾਜ ਜੀ ਨੇ ਕਿਹਾ ਕਿ ਇਹ ਗੁਰੂ ਛੇਵੇਂ ਪਾਤਸ਼ਾਹ ਵੇਲੇ ਇਸ ਇਲਾਕੇ ਦਾ ਹੰਕਾਰੀ ਚੌਧਰੀ ਸੀ। ਇਹ ਗੁਰੂ ਮਹਾਰਾਜ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਆਉਣਾ ਸੁਣ ਕੇ ਜਦੋਂ ਦਰਸ਼ਨਾਂ ਨੂੰ ਆਇਆ ਤਾਂ ਉਨ੍ਹਾਂ ਦੇ ਪਲੰਘ ਤੇ ਬੈਠਣ ਦਾ ਜਤਨ ਕਰਨ ਲੱਗਿਆ, ਨਾਲ ਦੇ ਸਿੱਖਾਂ ਨੇ ਰੋਕ ਦਿਤਾ ਅਤੇ ਇਹ ਹੰਕਾਰੀ ਬਿਨਾਂ ਮਸਤਕ ਨਿਵਾਏ ਵਾਪਸ ਮੁੜ ਗਿਆ। ਉਸ ਤੋਂ ਪਿਛੋਂ ਜਦੋਂ ਇਸਦੀ ਮ੍ਰਿਤੂ ਹੋਈ ਤਾਂ ਇਹ ਸੱਪ ਬਣ ਕੇ ਜ਼ਹਿਰ ਦਾ ਮਾਰਿਆ ਹੋਇਆ ਬਹੁਤ ਦੁਖੀ ਹੁੰਦਾ ਰਿਹਾ। ਕਿਉਂਕਿ ਇਸਨੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕੀਤੇ ਹੋਏ ਸਨ ਉਸਦਾ ਫਲ ਅਜੇ ਮਿਲਣਾ ਬਾਕੀ ਸੀ। ਸੋ ਇਹ ਉਸ ਪੁੰਨ ਕਰਮ ਦਾ ਬੰਨ੍ਹਿਆਂ ਹਰ ਰੋਜ਼ ਅਸਾਡੇ ਸਾਹਮਣੇ ਆ ਕੇ ਪ੍ਰਾਸ਼ਚਿਤ ਕਰਦਾ ਸੀ ਅਤੇ ਆਪਣੇ ਭਲੇ ਲਈ ਚਿਤਵਨੀ ਕਰਦਾ ਸੀ। ਸੋ ਅਜ ਇਸਦੀ ਦੇਹ ਸ਼ਾਂਤ ਹੋਈ ਹੈ, ਐਸੀ ਨਖਿੱਧ ਜੂਨੀ ਵਿਚੋਂ ਛੁਟਕਾਰਾ ਹੋਇਆ ਹੈ।

ਇਸੇ ਤਰ੍ਹਾਂ ਨਾਲ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਜਦੋਂ ਭਜਨ ਕਰਿਆ ਕਰਦੇ ਸਨ ਤਾਂ ਸਮਾਧੀ ਤੋਂ ਜਦੋਂ ਉਥਾਨ ਹੋਣਾ ਤਾਂ ਉਨ੍ਹਾਂ ਦੇ ਆਸਣ ਥੱਲੇ ਸੱਪ ਬੈਠਾ ਹੁੰਦਾ। ਕਈ ਵਾਰੀ ਆਪ ਆਸਣ ਦੀਆਂ ਕੰਨੀਆਂ ਫੜ ਕੇ ਉਸਨੂੰ ਬਰੇਤੀ ਵਿਚ ਛੱਡ ਕੇ ਆਇਆ ਕਰਦੇ ਸਨ। ਕਈ ਦਿਨਾਂ ਪਿਛੋਂ ਉਹ ਚੜ੍ਹਾਈ ਕਰ ਗਿਆ। ਪੁੱਛਣ ਤੇ ਮਹਾਂਪੁਰਸ਼ਾਂ ਨੇ ਦਸਿਆ ਕਿ ਇਹ ਪ੍ਰੇਮੀ ਇਕ ਧਾਰਮਿਕ ਅਸਥਾਨ ਦਾ ਪੁਜਾਰੀ ਸੀ, ਪੂਜਾ ਦੇ ਧਾਨ ਨੇ ਮਤ ਮਾਰ ਛੱਡੀ। ਭਜਨ ਦੀ ਥਾਂ ਇਸਦੇ ਮਨ ਵਿਚ ਮਾਇਆ ਦੀ ਪ੍ਰਾਪਤੀ ਦੀ ਲਗਨ ਲਗੀ ਰਹਿੰਦੀ ਸੀ। ਅੰਤਕਾਲ ਮਾਇਆ ਦੀ ਚਿਤਵਨੀ ਕਰਕੇ ਇਸਨੂੰ ਸੱਪ ਦੀ ਜੂਨੀ ਵਿਚ ਆਉਣਾ ਪਿਆ, ਹੁਣ ਇਸਦਾ ਛੁਟਕਾਰਾ ਹੋਇਆ ਹੈ।

***ਕੋਟਿ ਕੋਟਿ ਅਘ ਕਾਟਨਹਾਰਾ॥***
***ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥***
***ਅੰਗ - ੩੯੨***

ਇਹ ਮਹਾਂਪੁਰਸ਼ਾਂ ਤੋਂ ਬਿਨਾਂ, ਕਿਸੇ ਰਾਜਸੀ ਲੀਡਰ, ਕਿਸੇ ਪ੍ਰਚਾਰਕ, ਕਿਸੇ ਰਾਗੀ ਦੇ ਵਸ ਦੀ ਬਾਤ ਨਹੀਂ ਹੈ। ਕਿਉਂਕਿ ਉਹ ਮਾਇਆ ਦੇ ਬੰਦੇ ਆਪਣੀ ਹਉਮੈ ਦੀ ਕੈਦ ਵਿਚ ਫਸੇ ਹੋਏ ਹਨੇਰ੍ਹਿਆਂ ਵਿਚ ਭਟਕ ਰਹੇ ਹਨ ਅਤੇ ਸਦਾ ਸੱਤਾ ਪ੍ਰਾਪਤੀ ਅਤੇ ਪੈਸੇ ਕਮਾਉਣ ਦੀ ਲਾਲਸਾ ਉਨ੍ਹਾਂ ਨੂੰ ਲਗੀ ਰਹਿੰਦੀ ਹੈ।

ਅੱਗੇ ਗੁਰੂ ਮਹਾਰਾਜ ਜੀ ਰਹਿਤ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਸਾਧੂ ਜਨ ਬਚਨ ਦੇ ਬਲੀ ਹੋਇਆ ਕਰਦੇ ਹਨ। ਉਨ੍ਹਾਂ ਉਪਰ ਕਿਸੇ ਕਿਸਮ ਦੀ

ਮਾਇਆ ਅਸਰ ਨਹੀਂ ਕਰਦੀ ਕਿਉਂਕਿ ਮਾਇਆ ਦੇ ਬਹੁਤ ਰੂਪ ਹਨ। ਜੋ ਕੁਝ ਸੰਸਾਰ ਵਿਚ ਨਜ਼ਰ ਆ ਰਿਹਾ ਹੈ ਜਿਸਦਾ ਰੂਪ ਹੈ, ਜਿਸਦਾ ਨਾਮ ਹੈ, ਉਹ ਸਭ ਮਾਇਆ ਹੈ।

***ਸੂਰਬੀਰ ਬਚਨ ਕੇ ਬਲੀ।।***
***ਕਉਲਾ ਬਪੁਰੀ ਸੰਤੀ ਛਲੀ।। ਅੰਗ - ੩੯੨***

ਵਾਹਿਗੁਰੂ ਜੀ ਦੀ ਬੰਦਗੀ ਕਰਦਿਆਂ-ਕਰਦਿਆਂ ਜਦੋਂ ਸੁਰਤ, ਸੰਕੋਚ ਕੇ ਅੰਤਰਮੁਖ ਗੁਰੂ ਸ਼ਬਦ, ਗੁਰੂ ਮੂਰਤ, ਗੁਰੂ ਜੋਤਿ ਉਪਰ ਕੇਂਦਰਿਤ ਕੀਤੀ ਜਾਂਦੀ ਹੈ ਤਾਂ ਪ੍ਰਭੂ ਸ਼ਕਤੀ ਨਾਲ ਅੰਦਰ ਹੀ ਸੰਪਰਕ ਹੋਣਾ ਸ਼ੁਰੂ ਹੋ ਜਾਂਦਾ ਹੈ। ਅਤੇ ਜਦੋਂ ਪੂਰੀ ਤਰ੍ਹਾਂ ਨਾਲ ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਛੁਟ ਜਾਂਦੀ ਹੈ ਅਤੇ ਵਿਵੇਕ ਮੰਡਲ ਵਿਚੋਂ ਸੁਰਤ ਲੰਘਦੀ, ਸਹੰਸਰਾਰ ਦਲ ਕਮਲ ਨੂੰ ਪਾਰ ਕਰਕੇ ਦਸਵੇਂ ਦੁਆਰ ਵਿਚੋਂ ਹੁੰਦੀ ਹੋਈ ਨਿਰੰਕਾਰ ਵਿਚ ਅਭੇਦ ਹੋ ਜਾਂਦੀ ਹੈ ਤਾਂ ਸੰਤ ਸਰੀਰ ਵਿਚ cosmic energy ਦਾ ਐਨਾ ਜ਼ਬਰਦਸਤ ਪ੍ਰਵੇਸ਼ ਹੋ ਜਾਂਦਾ ਹੈ ਕਿ ਉਹ ਸਾਂਭਿਆਂ ਸੰਭਾਲ ਨਹੀਂ ਹੁੰਦੀ ਅਤੇ ਅਜਰ ਨੂੰ ਜਰਨਾ ਬਹੁਤ ਹੀ ਮੁਸ਼ਕਲ ਹੋ ਜਾਂਦਾ ਹੈ। ਐਸੀ ਅਵਸਥਾ ਗੁਰਮੁਖ, ਨਾਮ ਅਭਿਆਸੀਆਂ ਵਿਚ ਆਮ ਹੀ ਵਰਤਦੀ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੋ ਆਪਣੇ ਸਮੇਂ ਦੇ ਮਹਾਨ ਮਹਾਂਪੁਰਸ਼, ਸੰਤ ਹੋ ਚੁਕੇ ਹਨ ਜਿਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਹਜ਼ਾਰਾਂ ਦੀ ਗਿਣਤੀ ਵਿਚ ਪ੍ਰੇਮੀਆਂ ਨੂੰ ਨਾਮ ਦੀਆਂ ਘਾਲ ਕਮਾਈਆਂ ਕਰਨ ਦਾ ਉਤਸ਼ਾਹ ਜਾਗਿਆ ਅਤੇ ਉਨ੍ਹਾਂ ਨੇ ਉਚੀਆਂ ਅਵਸਥਾਵਾਂ ਪ੍ਰਾਪਤ ਕੀਤੀਆਂ ਹਨ ਉਨ੍ਹਾਂ ਨੇ ਕੁਝ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਇਕ 'ਰੰਗਲੇ ਸੱਜਣ' ਹੈ ਉਸ ਵਿਚ ਆਪ ਭਾਈ ਸਾਹਿਬ ਸੰਤ ਹੀਰਾ ਸਿੰਘ ਜੀ ਦਾਉਦਪੁਰ (ਖੰਨਾ) ਵਾਲਿਆਂ ਦੇ ਬਾਰੇ ਲਿਖਦੇ ਹਨ ਕਿ ਭਜਨ ਕਰਦੇ-ਕਰਦੇ, ਜਦੋਂ ਪ੍ਰਭੂ ਐਨਰਜੀ ਦਾ ਸਰੀਰ ਵਿਚ ਪ੍ਰਵੇਸ਼ ਹੋਇਆ ਤਾਂ ਉਹ ਸੰਭਲ ਨਾ ਸਕੇ ਅਤੇ ਧਰਤੀ ਤੋਂ Gravity ਛੱਡ ਕੇ ਹੌਲੀ-ਹੌਲੀ ਉਪਰ ਉਡਦੇ ਛੱਤ ਨਾਲ ਜਾ ਲੱਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਆ ਕੇ ਲੰਮੇ ਪਏ ਰਹੇ। ਇਕ ਥਾਂ ਲਿਖਦੇ ਹਨ ਕਿ ਉਨ੍ਹਾਂ ਦੇ ਸਰੀਰ ਵਿਚੋਂ ਪ੍ਰਕਾਸ਼ ਦੇ ਵਰੋਲੇ ਨਿਕਲਣੇ ਸ਼ੁਰੂ ਹੋਏ ਅਤੇ ਸਾਰੇ ਗੁਰਦਵਾਰੇ ਵਿਚ ਫੈਲ ਗਏ ਅਤੇ ਬੈਠੀ ਸੰਗਤ ਦੇ ਸਰੀਰਾਂ ਵਿਚ ਐਤਨੀ ਝੁਨ-ਝਨਾਹਟ ਦੀ ਝਰਨ੍ਹਾਟ ਸ਼ੁਰੂ ਹੋਈ ਕਿ ਉਹ ਕਿਸੇ ਮਹਾਨ ਰਸ ਵਿਚ ਰੰਗੇ ਗਏ। ਛੇ ਘੰਟੇ ਇਹ ਹਾਲਤ ਰਹਿਣ ਪਿਛੋਂ ਸੰਤ ਭਾਈ ਹੀਰਾ ਸਿੰਘ ਜੀ ਸੰਭਲੇ ਅਤੇ ਇਸ ਅਥਾਹ ਸ਼ਕਤੀ ਨੂੰ ਜਰ ਗਏ।

ਇਹੋ ਮੰਜ਼ਲ ਅਨੇਕਾਂ ਘਾਲ ਕਮਾਈਆਂ ਕਰਦੇ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੋ ਜਾਇਆ ਕਰਦੀ ਹੈ। ਉਨ੍ਹਾਂ ਵਿਚੋਂ 'ਮੈਂ' (ਹਉਮੈ) ਦਾ ਪੂਰਨ ਰੂਪ ਵਿਚ ਅਭਾਵ ਹੋ ਜਾਇਆ ਕਰਦਾ ਹੈ। ਤੇ ਇਸ ਸਰੀਰ ਵਿਚੋਂ ਜੀਵ ਰੂਪੀ ਪਰਛਾਵਾਂ ਦੂਰ ਹੋ ਕੇ ਪਰਮ-ਆਤਮਾ ਹੀ ਰਹਿ ਜਾਇਆ ਕਰਦੀ ਹੈ। ਜਿਵੇਂ ਕਿ ਫੁਰਮਾਨ ਹੈ-

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂ ਹੀ ਮੈ ਨਾਹੀ।।***
***ਅਨਲ ਅਗਮ***
***ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ।। ਅੰਗ - ੬੫੭***

ਇਹ ਅਵਸਥਾ ਸੰਤਾਂ, ਸਾਧੂਆਂ, ਬ੍ਰਹਮਗਿਆਨੀਆਂ ਦੀ ਹੋਣ ਕਰਕੇ ਮਹਾਂ-ਸ਼ਕਤੀਸ਼ਾਲੀ ਹੋਇਆ ਕਰਦੀ ਹੈ। ਉਨ੍ਹਾਂ ਦੇ ਮੁਖ ਤੋਂ ਸਹਿਜ ਸੁਭਾਅ ਬਚਨ ਨਿਕਲ ਜਾਵੇ ਤਾਂ ਸਮਾਂ ਪਾ ਕੇ ਸਾਕਾਰ ਹੋ ਜਾਇਆ ਕਰਦਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਵੇਲੇ ਮਾਲਵੇ ਵਿਚ ਇਕ ਗੁਰਸਿੱਖ ਸਨ, ਜਿਨ੍ਹਾਂ ਦਾ ਨਾਮ ਭਾਈ ਗੋਦੜੀਆ ਸੀ। ਘਾਲ ਕਮਾਈ ਕਰਦਿਆਂ ਆਪ ਨੇ ਪੂਰਨ ਪਦਵੀ ਪ੍ਰਾਪਤ ਕੀਤੀ। ਜਦੋਂ ਉਹ ਮਾਲਵੇ ਵਿਚ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਕਿ ਭਾਈ! ਇਹ ਭਾਈ ਗੋਦੜੀਆ ਤਾਂ ਸਾਰੇ ਮਾਲਵੇ ਨੂੰ ਪਾਰ ਉਤਾਰਨ ਦੀ ਸਹਿਜੇ ਹੀ ਸਮਰਥਾ ਰਖਦਾ ਹੈ। ਇਹ ਪੂਰਨ ਪੁਰਸ਼ ਹੈ ਜੋ ਹਰ ਵਕਤ ਅਸਾਡੇ ਨਾਲ ਅਭੇਦ ਅਵਸਥਾ ਵਿਚ ਰਹਿੰਦਾ ਹੈ।

ਆਪ ਜੀ ਬਾਰੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਆਪ ਭਾਈ ਗਉਰਾ ਬਰਾੜ, ਜੋ ਭਾਈ ਭਗਤੂ ਦਾ ਪੁੱਤਰ ਸੀ, ਪਾਸ ਭਾਈ ਗੋਦੜੀਆ ਘੋੜਿਆਂ ਲਈ ਦਾਨਾ ਪੀਹਣ ਦੀ ਸੇਵਾ ਕਰਿਆ ਕਰਦੇ ਸੀ। ਇਕ ਵਾਰੀ ਭਾਈ ਗਉਰਾ ਕਿਸੇ ਕਾਰਨ ਇਕ ਸਿੱਖ ਤੇ ਨਰਾਜ਼ ਹੋ ਕੇ ਉਸਨੂੰ ਬਹੁਤ ਹੀ ਡਾਂਟਣ ਲੱਗਿਆ ਅਤੇ ਥੱਪੜ ਵੀ ਮਾਰਿਆ। ਭਾਈ ਗੋਦੜੀਆ ਜੀ ਜੋ ਉਸ ਵੇਲੇ ਘੋੜਿਆਂ ਦਾ ਦਾਣਾ ਪੀਸ ਰਹੇ ਸਨ ਉਨ੍ਹਾਂ ਨੂੰ ਡਾਂਟ-ਡਪਟ ਦੀ ਅਵਾਜ਼ ਸੁਣੀ ਅਤੇ ਉਥੋਂ ਹੀ ਬੈਠੇ ਕਹਿਣ ਲੱਗੇ ਕਿ ਭਾਈ ਗਉਰਾ! ਇਸਨੂੰ ਕਿਉਂ ਮਾਰਦਾ ਹੈਂ? ਇਸ ਤੋਂ ਕੀ ਗਲਤੀ ਹੋ ਗਈ? ਤਾਂ ਭਾਈ ਗਉਰੇ ਨੇ ਕਿਹਾ ਕਿ ਗੋਦੜੀਆ! ਤੂੰ ਆਪਣਾ ਕੰਮ ਕਰ, ਇਹ ਰਾਜਸੀ ਮਾਮਲੇ ਹਨ ਤੂੰ ਇਨ੍ਹਾਂ ਨੂੰ ਕੀ ਜਾਣਦਾ ਹੈਂ? ਤੂੰ ਆਪਣਾ ਕੰਮ ਕਰ। ਭਾਈ ਗੋਦੜੀਆ ਨੇ ਉਤਰ ਵਿਚ ਕਿਹਾ, "ਭਾਈ ਗਉਰਾ! ਤੂੰ ਤਾਂ ਬਹੁਤ ਆਫਰ ਗਿਆ, ਤੈਨੂੰ ਤਾਂ ਰਾਜ-

ਮਾਲ ਦਾ ਅਤੇ ਆਪਣੀ ਸ਼ਕਤੀ ਦਾ ਬਹੁਤ ਅਫਾਰਾ ਹੋ ਗਿਆ।" ਬਚਨ ਮੂੰਹ ਵਿਚੋਂ ਨਿਕਲਣ ਦੀ ਦੇਰ ਸੀ ਭਾਈ ਗਉਰੇ ਉਪਰ ਉਸੇ ਵੇਲੇ ਉਸ ਬਚਨ ਨੇ ਅਸਰ ਕਰਨਾ ਸ਼ੁਰੂ ਕਰ ਦਿਤਾ ਉਸਨੂੰ ਅਫਾਰਾ ਹੋ ਗਿਆ ਅਤੇ ਧਰਤੀ ਤੇ ਲਿਟਣ ਲੱਗਿਆ। ਅਫਾਰੇ ਦਾ ਦੁਖ ਝੱਲਿਆ ਨਾ ਜਾਵੇ, ਹਕੀਮਾਂ ਨੇ ਦਵਾਈਆਂ ਦਿਤੀਆਂ ਪਰ ਕੋਈ ਅਸਰ ਨਾ ਹੋਇਆ, ਇਕ ਸੂਝਵਾਨ ਸਿੱਖ ਨੇ ਕਿਹਾ ਕਿ ਭਾਈ ਗੋਦੜੀਏ ਨੇ ਅਫਾਰਾ ਹੋਣ ਦਾ ਬਚਨ ਕੀਤਾ ਸੀ ਉਸ ਤੋਂ ਹੀ ਇਲਾਜ ਹੋ ਸਕਦਾ ਹੈ। ਜਦੋਂ ਭਾਈ ਗੋਦੜੀਏ ਪਾਸ ਬੇਨਤੀ ਕੀਤੀ ਗਈ ਤਾਂ ਉਨ੍ਹਾਂ ਨੇ ਚੱਕੀ ਦੀ ਕਿੱਲੀ ਨਾਲ ਲੱਗਿਆ ਆਟਾ ਦੇ ਕੇ ਕਿਹਾ ਕਿ ਇਸਨੂੰ ਪਾਣੀ ਨਾਲ ਅੰਦਰ ਲੰਘਾ ਲਵੇ, ਅਫਾਰਾ ਹੱਟ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਅਫਾਰਾ ਹੱਟ ਗਿਆ। ਭਾਈ ਗਉਰਾ ਉਨ੍ਹਾਂ ਦੇ ਬਚਨ ਦੀ ਸ਼ਕਤੀ ਦੇਖ ਕੇ ਬਹੁਤ ਠਠੰਬਰ ਗਿਆ ਅਤੇ ਬਹੁਤ ਆਦਰ ਸਹਿਤ ਸਿਰੋਪਾ ਦੇ ਕੇ ਭਾਈ ਗੋਦੜੀਆ ਜੀ ਨੂੰ ਸੇਵਾ ਮੁਕਤ ਕਰ ਦਿਤਾ।

ਉਹ ਆਪਣੇ ਘਰ ਚਲੇ ਗਏ। ਚੇਤ ਦਾ ਮਹੀਨਾ ਸੀ ਉਡਾਰ ਦੇ ਖੇਤਾਂ ਵਿਚ ਸਰ੍ਹੋਂ ਪਕ ਚੁੱਕੀ ਸੀ। ਇਨ੍ਹਾਂ ਦੇ ਪੁੱਤ-ਪੋਤਰਿਆਂ ਨੇ ਸਰ੍ਹੋਂ ਪੁੱਟਣ ਲਈ ਬਾਬੇ ਗੋਦੜੀਆ ਨੂੰ ਭੇਜ ਦਿਤਾ। ਨਾ ਸਵੇਰ ਵੇਲੇ ਦੀ ਹਾਜ਼ਰੀ ਭੇਜੀ, ਨਾ ਦੁਪਹਿਰ ਦਾ ਪ੍ਰਸ਼ਾਦਾ ਤੇ ਨਾ ਹੀ ਕੋਈ ਜਲ ਪਾਣੀ ਭੇਜਿਆ। ਰੋਹੀ ਦਾ ਖੇਤ ਸੀ ਨੇੜਿਓਂ ਇਕ ਡੰਡੀ ਲੰਘਦੀ ਸੀ, ਜਿਨ੍ਹਾਂ ਤੇ ਮੁਸਾਫਿਰ ਵੱਡੇ ਰਾਹ ਨੂੰ ਛੱਡ ਕੇ, ਸਫਰ ਕਰਕੇ ਆਪਣਾ ਪੈਂਡਾ ਮੁਕਾਇਆ ਕਰਦੇ ਸਨ। ਦੇਵਨੇਤ ਨਾਲ ਭਾਈ ਗੋਦੜੀਆ ਜੀ ਦੇ ਜਾਣੂ ਜਦੋਂ ਡੰਡੀ ਲੰਘ ਰਹੇ ਸਨ ਤਾਂ ਭਾਈ ਗੋਦੜੀਆ ਨੂੰ ਪਛਾਣ ਲਿਆ ਅਤੇ ਠਹਿਰ ਕੇ ਆਪਣੇ ਜਾਣੂ ਜਾਣ ਕੇ ਕਹਿਣ ਲੱਗੇ, ਭਾਈ ਗੋਦੜੀਆ ਜੀ! ਤੁਸੀਂ ਇਹ ਕੀ ਕਰ ਰਹੇ ਹੋਂ? ਕਿਉਂਕਿ ਸਾਡੇ ਆਮ ਰਿਵਾਜ਼ ਹੈ ਕਿ ਅੱਖਾਂ ਨਾਲ ਦੇਖਦੇ ਹੋਏ ਵੀ ਫੇਰ ਪੁੱਛਦੇ ਹਾਂ ਕਿ ਤੁਸੀਂ ਕੀ ਕਰ ਰਹੇ ਹੋਂ? ਇਸੇ ਤਰ੍ਹਾਂ ਉਨ੍ਹਾਂ ਨੇ ਪੁੱਛ ਲਿਆ। ਭਾਈ ਗੋਦੜੀਆ ਜੀ ਨੇ ਉਤਰ ਵਿਚ ਕਹਿਣਾ ਤਾਂ ਇਹ ਸੀ ਕਿ ਸਰ੍ਹੋਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ ਕਿਉਂਕਿ ਉਹ ਉਸ ਸਮੇਂ ਦਾਤੀ ਨਾਲ ਨਹੀਂ ਕੱਟ ਰਹੇ ਸਨ, ਪੁੱਟ ਰਹੇ ਸੀ। ਪ੍ਰੰਤੂ ਉਨ੍ਹਾਂ ਦੇ ਮੂੰਹ ਵਿਚੋਂ ਨਿਕਲ ਗਿਆ ਕਿ ਘਰਦਿਆਂ ਦੀਆਂ ਜੜ੍ਹਾਂ ਪੁਟ ਰਿਹਾ ਹਾਂ; ਸਰ੍ਹੋਂ ਦੀ ਥਾਂ ਤੇ ਘਰਦਿਆਂ ਅੱਖਰ ਵਰਤ ਲਿਆ। ਸੱਤਾਂ ਦਿਨਾਂ ਵਿਚ ਸਾਰਾ ਪਰਿਵਾਰ ਚੜ੍ਹਾਈ ਕਰ ਗਿਆ। ਆਪ ਜੀ ਨੇ ਪ੍ਰਭੂ ਦਾ ਹੁਕਮ ਜਾਣ ਕੇ ਕਿਹਾ 'ਭਲਾ ਹੋਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁਟੀ।'

ਆਪ ਰਮਤੇ ਰਹਿਣ ਲਗ ਗਏ। ਇਕ ਦਿਨ ਇਕ ਮਾਈ ਨੇ ਉਨ੍ਹਾਂ ਨੂੰ ਧਰਮਸਾਲਾ ਵਿਚ ਬੈਠਿਆਂ ਪਛਾਣ ਲਿਆ। ਉਹ ਭਾਈ ਗੋਦੜੀਆ ਦੇ ਛਕਣ ਲਈ ਦਹੀਂ ਦਾ ਕਉਲਾ ਭਰ ਕੇ ਲੈ ਆਈ ਅਤੇ ਇਸ ਗੱਲ ਤੋਂ ਕਿ ਇਹ ਹੋਰ ਨਾ ਮੰਗ ਲੈਣ, ਉਸਨੇ ਕਰਾਰੀਆਂ ਮਿਰਚਾਂ ਵਿਚ ਪਾ ਦਿਤੀਆਂ। ਭਾਈ ਗੋਦੜੀਆ ਜੀ ਨੇ ਦਹੀਂ ਛਕ ਲਿਆ। ਜਦੋਂ ਬਰਤਨ ਲੈਣ ਆਈ ਮਾਈ ਨੇ ਪੁੱਛਿਆ ਕਿ ਦਹੀਂ ਸੁਆਦ ਸੀ? ਕਹਿਣ ਲੱਗੇ ਕਿ ਦਹੀਂ ਤਾਂ ਬਹੁਤ ਸੁਆਦ ਸੀ ਪਰ ਸੱਪ ਲੜਨੀਏਂ ਤੈਂ ਬਹੁਤ ਮਿਰਚਾਂ ਵਿਚ ਪਾ ਦਿਤੀਆਂ। ਮੇਰੇ ਮੂੰਹ ਵਿਚੋਂ ਹੁਣ ਤਕ ਸੀ-ਸੀ ਨਿਕਲ ਰਹੀ ਹੈ। ਉਹ ਮਾਈ ਬਰਤਨ ਲੈ ਕੇ ਘਰ ਗਈ, ਬਚਨ ਦੀ ਸੱਤਾ ਪ੍ਰਬਲ ਹੋਣ ਕਰਕੇ ਅੰਦਰੋਂ ਦੁਧ ਗਰਮ ਕਰਨ ਲਈ ਕੋਠੜੀ ਵਿਚੋਂ ਪਾਥੀਆਂ ਲੈਣ ਗਈ। ਜਦੋਂ ਪਾਥੀਆਂ ਨੂੰ ਹੱਥ ਪਾਇਆ, ਵਿਚੋਂ ਕਾਲੇ ਨਾਗ ਨੇ ਨਿਕਲ ਕੇ ਡੰਗ ਮਾਰਿਆ ਤੇ ਉਹ ਮਰ ਗਈ। ਬਚਨ ਦੀ ਪ੍ਰਬਲਤਾ ਪ੍ਰਭੂ ਦੀ ਪਰਮ ਸ਼ਕਤੀ ਨਾਲ ਮਿਲਣ ਕਰਕੇ ਹੋਇਆ ਕਰਦੀ ਹੈ।

ਸਤਿਕਾਰਯੋਗ ਮਹਾਂਪੁਰਸ਼ ਹਰਮਨ ਪਿਆਰੇ ਬਾਬਾ ਰਾਮ ਸਿੰਘ ਜੀ ਨਾਮਧਾਰੀ, ਸਿਖ ਫੌਜਾਂ ਦੀ ਆਚਰਣ ਹੀਣਤਾ ਵੇਖ ਕਹਿ ਰਹੇ ਸਨ ਕਿ ਇਹ ਖਾਲਸਾ ਰਾਜ ਬੇਅੰਤ ਸੀਸਾਂ ਦੀਆਂ ਕੁਰਬਾਨੀਆਂ ਦੇਣ ਉਪਰੰਤ ਪ੍ਰਾਪਤ ਹੋਇਆ ਸੀ ਪ੍ਰੰਤੂ ਇਸਦੇ ਰਾਖੇ ਫੌਜੀ ਗੁਰਸਿੱਖਾਂ ਵਾਲੇ ਜੀਵਨ ਨੂੰ ਪੂਰੀ ਤਰ੍ਹਾਂ ਭੁੱਲ ਗਏ ਅਤੇ ਕੁਰਹਿਤਾਂ ਵਿਚ ਪੈ ਗਏ ਹਨ। ਮਦਿਰਾ, ਮਾਸ, ਪੀਣਾ ਤੇ ਖਾਣਾ ਜੀਵਨ ਨੂੰ ਨਿੰਦਨੀ ਅਵਸਥਾ ਤਕ ਲਿਜਾ ਰਿਹਾ ਸੀ, ਰੋਮ ਕੱਟਣੇ, ਦਾੜ੍ਹੀ ਕੱਟਣੀ; ਇਹ ਆਮ ਵਰਤਾਰਾ ਹੋ ਗਿਆ ਸੀ। ਗੁਰਬਾਣੀ ਪੜ੍ਹਨ ਦੀ ਥਾਂ ਇਹ ਆਪਣੇ ਹੀ ਸਿੱਖ ਸਰਦਾਰਾਂ ਨੂੰ ਘੇਰ ਕੇ ਮਾਰਨ ਲਗ ਗਏ ਸਨ, ਬੁਰਛਾਗਰਦੀ ਪੂਰੀ ਤਰ੍ਹਾਂ ਨਾਲ ਛਾ ਗਈ ਸੀ। ਉਨ੍ਹਾਂ ਨੂੰ ਦੇਖ ਕੇ ਮਹਾਂਪੁਰਸ਼ਾਂ ਦੇ ਮੁਖ ਤੋਂ ਬਚਨ ਨਿਕਲਿਆ ਕਿ ਇਹ ਪੰਜਾਬ ਦੇ ਰਾਜ ਦਾ ਸੂਰਜ ਛੇਤੀ ਹੀ ਛੁਪ ਜਾਣ ਵਾਲਾ ਹੈ। ਆਪ ਦੇ ਮੁਖ ਤੋਂ ਤਿੰਨ-ਚਾਰ ਵਾਰੀ ਇਹ ਬਚਨ ਨਿਕਲਿਆ ਕਿਉਂਕਿ ਆਪਣੇ ਦਿਬਯ ਨੇਤਰਾਂ ਸਾਹਮਣੇ ਫੇਰੂ ਅਤੇ ਮੁਦਕੀ ਦੇ ਹੋਣ ਵਾਲੇ ਯੁਧਾਂ ਦੇ ਦ੍ਰਿਸ਼ ਸਾਕਾਰ ਹੋ ਕੇ ਘੁੰਮ ਰਹੇ ਸਨ। ਉਸਨੂੰ ਤਕ ਕੇ ਆਪ ਸਤਿ ਦੀ ਆਵਾਜ਼ ਦੇ ਰਹੇ ਸਨ। ਜਦੋਂ ਇਹ ਬਚਨ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ (ਭਣੋਈਏ) ਕਾਬਲ ਸਿੰਘ ਨੇ ਸੁਣਿਆ ਅਤੇ ਉਨ੍ਹਾਂ ਦੇ ਅਫਸਰ ਨੇ ਸੁਣਿਆ ਤਾਂ ਆਪ ਨੂੰ ਮਸਤਾਨਾ ਜਾਣ ਕੇ ਤੋਪ ਦੇ ਨਾਲ ਬੰਨ੍ਹ ਦਿਤਾ। ਆਪ ਨੇ ਕਿਹਾ ਕਾਬਲ ਸਿੰਘਾ! ਤੂੰ ਮੈਨੂੰ ਇਸ ਤੋਪ ਨਾਲ ਕਿਉਂ ਬੰਨ੍ਹ ਰਿਹਾ ਹੈਂ, ਇਸ ਤੋਪ

ਨੇ ਤਾਂ ਯੁੱਧ ਵਿਚ ਤੈਨੂੰ ਉਡਾਉਣਾ ਹੈ।" ਸਮਾਂ ਪਾ ਕੇ ਯੁੱਧ ਹੋਇਆ, ਕਾਬਲ ਸਿੰਘ ਉਸੇ ਤੋਪ ਨਾਲ ਉਡਿਆ ਅਤੇ ਲਾਹੌਰ ਵਿਚ ਅੰਗਰੇਜ਼ ਪਹੁੰਚ ਗਿਆ। ਇਹ ਬਚਨ ਦੇ ਬਲੀ ਸਨ। ਇਸੇ ਤਰ੍ਹਾਂ ਦਾ ਹੀ ਬਚਨ ਬਾਬਾ ਖੁਦਾ ਸਿੰਘ ਜੀ ਨੇ ਉਸ ਸਮੇਂ ਕੀਤਾ ਜਦੋਂ ਗੁਰੂ ਮਾਰੀਆਂ ਲਾਹੌਰ ਦਰਬਾਰ ਦੀਆਂ ਫੌਜਾਂ ਨੇ ਬਾਬਾ ਬੀਰ ਸਿੰਘ ਜੀ ਵਰਗੇ ਮਹਾਂਪੁਰਸ਼ਾਂ ਨੂੰ ਤੋਪ ਦੇ ਗੋਲਿਆਂ ਨਾਲ ਉਡਾ ਦਿਤਾ ਜਦੋਂ ਕਿ ਉਸ ਸਮੇਂ ਬਾਬਾ ਜੀ ਨੇ ਇਨ੍ਹਾਂ ਫੌਜਾਂ ਦੇ ਛਕਣ ਲਈ, ਇਕ ਲੱਖ ਬੰਦੇ ਤੋਂ ਵੱਧ ਲਈ, ਲੰਗਰ ਤਿਆਰ ਕਰਾ ਕੇ ਰਖਿਆ ਹੋਇਆ ਸੀ। ਇਸ ਤਰ੍ਹਾਂ ਬਹੁਤ ਸਾਰੇ ਬਚਨ-

*ਕਰਮ ਖੰਡ ਕੀ ਬਾਣੀ ਜੋਰੁ॥*
*ਤਿਥੈ ਹੋਰੁ ਨ ਕੋਈ ਹੋਰੁ॥*
*ਤਿਥੈ ਜੋਧ ਮਹਾਬਲ ਸੂਰ॥*
*ਤਿਨ ਮਹਿ ਰਾਮੁ ਰਹਿਆ ਭਰਪੂਰ॥*

*ਅੰਗ - ੮*

ਕਰਮ ਖੰਡ ਵਾਲੇ ਮੰਡਲ ਵਿਚ ਵਸਦੇ ਮਹਾਂਪੁਰਸ਼, ਸਹਿਜੇ ਹੀ ਕਰ ਦਿਆ ਕਰਦੇ ਹਨ। ਉਨ੍ਹਾਂ ਦਾ ਕੀਤਾ ਹੋਇਆ ਬਚਨ ਵਾਹਿਗੁਰੂ ਜੀ ਨੂੰ ਅਵਸ਼ ਹੀ ਮੰਨਣਾ ਪੈਂਦਾ ਹੈ, ਜੈਸਾ ਕਿ ਫੁਰਮਾਨ ਹੈ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*

*ਅੰਗ - ੧੨੫੨*

ਪ੍ਰਭੂ ਦੇ ਪਿਆਰੇ, ਪ੍ਰਭੂ ਵਿਚ ਅਭੇਦ ਹੁੰਦੇ ਹਨ। ਵਾਹਿਗੁਰੂ ਜੀ ਪਿਆਰ ਦੇ ਵਸ਼ੀਭੂਤ ਹੋਏ-ਹੋਏ ਜੋ ਕੁਝ ਵੀ ਉਹ ਕਹਿੰਦੇ ਹਨ ਉਨ੍ਹਾਂ ਨੂੰ ਕਰਨਾ ਪੈਂਦਾ ਹੈ ਭਾਵੇਂ ਪ੍ਰਾਕ੍ਰਿਤਕ ਨਿਯਮਾਂ ਵਿਚ ਕਿੰਨੀ ਭੀ ਅਦਲਾ-ਬਦਲੀ ਕਰਨੀ ਪਵੇ।

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ*
*ਜਿਨ ਪ੍ਰਭ ਕੇ ਚਰਣ ਪਰਾਤੇ॥*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥*
*ਭਗਤਾ ਬਣਿ ਆਈ ਪ੍ਰਭ ਅਪਨੇ ਸਿਉ*
*ਜਲਿ ਥਲਿ ਮਹੀਅਲਿ ਸੋਈ॥*
*ਕੋਟਿ ਅਪ੍ਰਾਧੀ ਸੰਤਸੰਗਿ ਉਧਰੈ*
*ਜਮੁ ਤਾ ਕੈ ਨੇੜਿ ਨ ਆਵੈ॥*
*ਜਨਮ ਜਨਮ ਕਾ ਬਿਛੁੜਿਆ ਹੋਵੈ*
*ਤਿਨ ਹਰਿ ਸਿਉ ਆਨਿ ਮਿਲਾਵੈ॥*
*ਮਾਇਆ ਮੋਹ ਭਰਮੁ ਭਉ ਕਾਟੈ*
*ਸੰਤ ਸਰਣਿ ਜੋ ਆਵੈ॥*
*ਜੇਹਾ ਮਨੋਰਥੁ ਕਰਿ ਆਰਾਧੇ*
*ਸੋ ਸੰਤਨ ਤੇ ਪਾਵੈ॥*
*ਜਨ ਕੀ ਮਹਿਮਾ ਕੇਤਕ ਬਰਨਉ*
*ਜੋ ਪ੍ਰਭ ਅਪਨੇ ਭਾਣੇ॥*
*ਕਹੁ ਨਾਨਕ ਜਿਨ ਸਤਿਗੁਰੁ ਭੇਟਿਆ*
*ਸੇ ਸਭ ਤੇ ਭਏ ਨਿਕਾਣੇ॥ ਅੰਗ - ੭੪੮*

ਸੰਤ ਫਕੀਰ ਚੰਦ, ਬੇਦੀ ਕੁਲ ਦੇ ਨਾਲ ਸਬੰਧ ਰੱਖਣ ਵਾਲੇ, ਡੇਰਾ ਬਾਬਾ ਨਾਨਕ ਰਿਹਾ ਕਰਦੇ ਸੀ। ਉਹ ਹਰ ਵਕਤ ਪ੍ਰਭੂ-ਪ੍ਰੇਮ ਵਿਚ ਲੀਨ ਰਿਹਾ ਕਰਦੇ ਸਨ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣੀ ਉਪਜੀਵਕਾ ਪ੍ਰਾਪਤ ਕਰਿਆ ਕਰਦੇ ਸਨ। ਇਕ ਦਿਨ ਜੇਠ ਦੇ ਮਹੀਨੇ ਉਹ ਮੱਝਾਂ ਚਾਰਦੇ ਹੋਏ ਪਿੰਡ ਦੇ ਨੇੜੇ ਟੋਭੇ ਵਿਚ ਆਏ। ਮੱਝਾਂ ਪਾਣੀ ਵਿਚ ਵੜ ਗਈਆਂ ਪਰ ਉਥੇ ਪਾਣੀ ਟੋਭੇ ਵਿਚ ਥੋੜ੍ਹਾ ਸੀ ਜਿਸ ਕਰਕੇ ਮੱਝਾਂ ਚਿਕਣੇ ਗਾਰੇ ਨਾਲ ਲਿਬੜ ਗਈਆਂ। ਫਕੀਰ ਚੰਦ ਜੀ ਨੇ ਮੱਝਾਂ ਦੀ ਇਹ ਹਾਲਤ ਵੇਖ ਕੇ ਰਾਵੀ ਦਰਿਆ ਨੂੰ ਹਾਕ ਮਾਰ ਕੇ ਕਿਹਾ ਕਿ ਰਾਵੀਏ! ਇਸ ਪਿੰਡ ਦੇ ਟੋਭੇ ਸੁੱਕੇ ਪਏ ਹਨ ਇਨ੍ਹਾਂ ਨੂੰ ਆ ਕੇ ਭਰ, ਮੈਂ ਮੱਝਾਂ ਨਵਾਉਂਣੀਆਂ ਹਨ। ਰਾਵੀ ਉਛਲੀ ਅਤੇ ਬਗੈਰ ਕਿਸੇ ਪਹਾੜ ਵਿਚ ਹੋਈ ਬਾਰਸ਼ ਤੋਂ ਸੰਤ ਹੁਕਮ ਦੀ ਬੰਨ੍ਹੀ ਹੋਈ ਉਸ ਪਿੰਡ ਦੇ ਡੇਰਾ ਬਾਬਾ ਨਾਨਕ ਦੇ ਸਾਰੇ ਛੱਪੜ ਭਰ ਗਏ ਅਤੇ ਨਾਲ ਹੀ ਉਥੇ ਰਹਿਣ ਵਾਲੇ ਬੰਦਿਆਂ ਦੇ ਘਰਾਂ ਵਿਚ ਪਾਣੀ ਆ ਗਿਆ। ਕਿਉਂਕਿ ਪਾਣੀ ਘਰਾਂ ਵਿਚ ਵੜ ਜਾਂਦਾ ਸੀ, ਜਿਸ ਕਰਕੇ ਡੇਰਾ ਬਾਬਾ ਨਾਨਕ ਦੇ ਨਿਵਾਸੀ ਕਾਫੀ ਤੰਗ ਸਨ। ਜਦੋਂ ਬਾਬਾ ਸਾਹਿਬ ਸਿੰਘ ਜੀ ਡੇਰਾ ਬਾਬਾ ਨਾਨਕ ਗਏ ਤਾਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਬਾਬਾ ਜੀ! ਸੰਤ ਫਕੀਰ ਚੰਦ ਜੀ ਦੇ ਬਚਨ ਅਨੁਸਾਰ ਰਾਵੀ ਹਰ ਸਾਲ ਜਦੋਂ ਸਾਡੇ ਛੱਪੜ ਭਰਦੀ ਹੈ ਤਾਂ ਸਾਡੇ ਘਰਾਂ ਵਿਚ ਵੀ ਪਾਣੀ ਆ ਜਾਂਦਾ ਹੈ ਤਾਂ ਬਾਬਾ ਜੀ ਨੇ ਕਿਹਾ ਕਿ ਦੇਗ ਬਣਾਓ, ਪੂਰੀ ਵਿਧੀ ਨਾਲ ਦੇਗ ਬਣਾ ਕੇ ਰਾਵੀ ਦੇ ਕੰਢੇ ਜਾ ਕੇ ਅਰਦਾਸ ਕੀਤੀ ਤੇ ਕਿਹਾ ਕਿ ਐ ਰਾਵੀਏ! ਤੈਨੂੰ ਇਕ ਸੰਤ ਨੇ ਬੰਨ੍ਹ ਦਿਤਾ ਸੀ ਮੈਂ ਗੁਰੂ ਕ੍ਰਿਪਾ ਨਾਲ ਅਤੇ ਗੁਰੂ ਭਰੋਸੇ ਦੇ ਨਾਲ ਤੈਨੂੰ ਇਸ ਬਚਨ ਤੋਂ ਅੱਜ ਤੋਂ ਮੁਕਤ ਕਰਦਾ ਹਾਂ। ਉਸ ਸਮੇਂ ਤੋਂ ਪਿਛੋਂ ਰਾਵੀ ਨਾ ਹੀ ਉਛਲੀ ਅਤੇ ਨਾ ਹੀ ਕਿਸੇ ਘਰ ਵਿਚ ਪਾਣੀ ਵੜਿਆ।

*ਚਲਦਾ........।'*

# ਜਿਨ ਹਰਿ ਜਪਿਆ ਸੇ ਹਰਿ ਹੋਏ......॥

## (ਪਿਆਰੇ ਮਹਾਂਪੁਰਸ਼ਾਂ ਦੇ ਆਗਮਨ ਦਿਵਸ ਨੂੰ ਸਮਰਪਿਤ)

*ਸੰਤ ਬਾਬਾ ਲਖਬੀਰ ਸਿੰਘ ਜੀ*
*ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-33)***

ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ, ਸਰੀਰ ਦੀ ਬਚਪਨ ਅਵਸਥਾ ਵਿਚ ਵੀ ਪੂਰਨ ਵੈਰਾਗ ਹੈ ਤੇ ਜਿਸ ਵੇਲੇ ਆਪ ਜੀ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਕੋਲ ਆਏ ਨੇ, ਸੰਤ ਬਾਬਾ ਅਤਰ ਸਿੰਘ ਜੀ ਨੇ ਅੰਮ੍ਰਿਤ ਵੇਲੇ ਦੋ ਵਜੇ ਕੋਲ ਬਿਠਾਇਆ ਤੇ ਉਸ ਵੇਲੇ ਬਚਨ ਕੀਤੇ ਨੇ, ਜੋ ਰਾੜਾ ਸਾਹਿਬ ਵਾਲਿਆਂ ਨੇ 'ਨਾਮ' ਬਾਰੇ ਬੇਨਤੀ ਕੀਤੀ ਸੀ। ਕਹਿੰਦੇ, ਦੇਖੋ ਪਹਿਲਾ ਹੈ 'ਨਾਮ' ਦਾ ਸਰੂਪ। ਕਹਿੰਦੇ, ਇਹ ਦੋ ਪ੍ਰਕਾਰ ਦਾ ਹੈ। ਇਕ ਵਰਣਾਤਮਕ ਹੈ, ਇਕ ਧੁਨਾਤਮਕ ਹੈ। ਵਰਣਾਤਮਕ ਜਿਹੜਾ ਹੈ ਇਹ ਰਸਨਾ ਤੇ ਅੱਖਾਂ ਨੂੰ ਪਵਿੱਤਰ ਕਰਦਾ ਹੈ। ਧੁਨਾਤਮਕ, ਕੰਨਾਂ ਦੁਆਰਾ ਸੁਣਨਾ।

ਕਹਿੰਦੇ, ਦੂਸਰਾ ਹੈ ਨਾਮ ਦਾ ਕਾਰਨ। ਕਹਿੰਦੇ, ਸੱਤ ਪ੍ਰਕਾਰ ਦਾ ਜਿਹੜਾ ਭੈ ਹੈ, ਜਿਹਦੇ ਵਿਚ ਜਮਾਂ ਦਾ ਭੈ ਹੈ, ਨਰਕਾਂ ਦਾ ਭੈ ਹੈ, ਚੌਰਾਸੀ ਦਾ ਭੈ ਹੈ, ਮਾਤ ਗਰਭ ਦਾ ਭੈ ਹੈ, ਇਹ ਸਾਰੇ ਜਿਹੜੇ ਭੈ ਹਨ ਇਹ ਖਤਮ ਹੋ ਜਾਂਦੇ ਹਨ -

*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥* *ਅੰਗ - ੨੯੩*

ਨਾਮ ਦਾ ਅਭਿਆਸ ਹੈ, ਤੀਸਰਾ। ਸਭ ਤੋਂ ਪਹਿਲਾਂ ਰਸਨਾ ਨਾਲ ਜਪਣਾ ਹੈ। ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਕੁਝ ਵੀ ਛੁਪਾ ਕੇ ਨਹੀਂ ਰੱਖਿਆ, ਸਾਧਸੰਗਤ ਜੀ। ਹਰ ਬਚਨ ਸੰਗਤਾਂ ਵਿਚ ਖੋਲ੍ਹ ਕੇ ਕੀਤਾ ਤੇ ਨਾਮ ਜਪਾਇਆ। ਹਰ ਅਵਸਥਾ ਦੱਸੀ ਹੈ। ਸਭ ਤੋਂ ਪਹਿਲੀ ਜਿਹੜੀ ਪਿਆਰੀ ਪੁਸਤਕ ਹੈ 'ਸੁਰਤਿ ਸਬਦਿ ਮਾਰਗ' ਹੈ। ਪੜ੍ਹੋ, ਉਹ ਬਚਨ ਸਾਰੇ 'ਆਤਮ ਮਾਰਗ' ਵਿਚ ਆਉਂਦੇ ਨੇ। ਇਕ ਬੇਨਤੀ ਕਰਾਂ, ਇਕ ਵਾਰ ਨਹੀਂ ਬਾਰ-ਬਾਰ ਪੜ੍ਹੋ ਤੁਸੀਂ। ਸਤਿਗੁਰੂ ਦੀ ਅਸੀਂ ਬਾਣੀ ਪੜ੍ਹਦੇ ਹਾਂ, ਜਿਵੇਂ-ਜਿਵੇਂ ਤੁਸੀਂ 'ਨਾਮ' ਦਾ ਅਭਿਆਸ ਕਰੋਗੇ, ਤੁਹਾਨੂੰ ਸੋਝੀ ਪਵੇਗੀ ਕਿ ਸਤਿਗੁਰ ਦੀ ਬਾਣੀ ਦਾ ਹੁਕਮ ਕੀ ਹੈ? ਕਿਹੜੀ ਅਵਸਥਾ ਹੈ? ਮਹਾਂਪੁਰਸ਼ਾਂ ਦੇ ਜਿਹੜੇ ਬਚਨ ਹਨ, ਇਕ-ਇਕ ਬਚਨ ਗੁਰਮਤਿ ਅਨੁਸਾਰ ਹੈ। ਦੁਨੀਆਂ ਦਾ ਕੋਈ ਵੀ ਵਿਅਕਤੀ, ਚਾਹੇ ਉਹ ਕਿਸੇ ਵੀ ਮਜ਼੍ਹਬ ਦਾ ਹੈ, ਚਾਹੇ ਕਿਸੇ ਸੰਪਰਦਾ ਹੈ, ਕਿਉਂਕਿ ਸ੍ਰੀ ਗੁਰੂ ਨਾਨਕ ਸਾਹਿਬ ਦਾ ਜੋ ਘਰ ਹੈ, ਇਥੇ ਅਰਦਾਸ ਹੁੰਦੀ ਹੈ -

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬੱਤ ਦਾ ਭਲਾ।*

ਜਿਸ ਦਰ 'ਤੇ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ - ੫੪੪*
*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥* *ਅੰਗ- ੭੪੮*

ਗੁਰੂ ਦਾ ਉਪਦੇਸ਼ ਸਾਰੇ ਸੰਸਾਰ ਵਾਸਤੇ ਹੈ ਅਤੇ ਮਹਾਂਪੁਰਸ਼ਾਂ ਨੇ ਉਹ ਗੁਰੂ ਦੇ ਬਚਨ ਹੀ ਸਾਡੀ ਝੋਲੀ ਪਾਏ। ਇਕ-ਇਕ ਬਚਨ ਅਮੋਲਕ ਹੈ ਮਹਾਂਪੁਰਸ਼ਾਂ ਦਾ, ਗੁਰਮਤਿ ਅਨੁਸਾਰ ਹੈ। ਵੱਡੇ-ਵੱਡੇ ਸਾਧਕ ਤੇ ਵੱਡੇ-ਵੱਡੇ ਵਿਦਵਾਨ, ਇਕ ਤਾਂ ਸਾਧਕ ਹਨ ਸਾਧਨਾ ਕਰਦੇ ਨੇ ਜਿਹੜੇ। ਇਕ ਨੇ ਜਿਨ੍ਹਾਂ ਨੇ ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹੋਈਆਂ ਨੇ। ਉਹ ਸਾਰੇ ਹੀ ਜਦੋਂ ਪੜ੍ਹਦੇ ਨੇ ਹੈਰਾਨ ਹੋ ਜਾਂਦੇ ਨੇ। ਵੱਡੀਆਂ-ਵੱਡੀਆਂ ਡਿਗਰੀਆਂ ਵਾਲਿਆਂ ਨੇ ਕਿਹਾ ਕਿ ਅਸੀਂ ਸਮਝਦੇ ਸੀ ਕਿ ਚਿੱਟੇ ਵਸਤਰ ਪਾਏ ਨੇ, ਢੋਲਕੀਆਂ ਚਿਮਟੇ ਵਜਾਉਂਦੇ ਨੇ ਪਰ ਜਦੋਂ ਮਹਾਂਪੁਰਸ਼ਾਂ ਦੇ ਬਚਨ ਸੁਣੇ, ਹੈਰਾਨ ਹੋ ਗਏ ਕਿ ਸਾਡੀਆਂ ਪੜ੍ਹਾਈਆਂ ਜਿਹੜੀਆਂ ਨੇ, ਦੁਨਿਆਵੀ ਨੇ। ਇਹ ਵੱਡੀ ਬਖਸ਼ਿਸ਼ ਹੈ।

ਦਾਸ ਨੂੰ ਕਈ ਸਾਧੂ-ਮਹਾਤਮਾ ਮਿਲਦੇ ਰਹਿੰਦੇ ਨੇ, ਉਹਨਾਂ ਨਾਲ ਜਦੋਂ ਇਕੱਲਿਆਂ ਬਚਨ ਹੁੰਦੇ ਨੇ, ਉਹ ਕਹਿੰਦੇ, ਜੋ ਸਾਨੂੰ ਮਹਾਂਪੁਰਸ਼ਾਂ ਦੇ ਕੋਲੋਂ ਮਿਲਿਆ ਜਿਥੇ ਅਸੀਂ ਰੁਕੇ ਹੋਏ ਸੀ, ਕਈਆਂ ਦੇ ਕਿਸੇ ਸੰਪਰਦਾ ਦੇ ਮਹਾਂਪੁਰਸ਼ ਚੜ੍ਹਾਈ ਕਰ ਗਏ, ਅੱਗੋਂ ਨਹੀਂ ਮਿਲਿਆ ਕੋਈ, ਉਹ ਉਥੇ ਹੀ ਰੁਕੇ ਨੇ। ਕਹਿੰਦੇ, ਜਦੋਂ ਅਸੀਂ ਮਹਾਂਪੁਰਸ਼ਾਂ ਦੇ ਬਚਨ ਪੜ੍ਹੇ, ਕਈਆਂ ਨੇ ਦਰਸ਼ਨ ਨਹੀਂ ਕੀਤੇ, ਸਰੀਰ ਕਰਕੇ, 'ਆਤਮ ਮਾਰਗ' ਪੜ੍ਹੇ ਨੇ, ਪੁਸਤਕਾਂ ਪੜ੍ਹੀਆਂ ਨੇ, ਉਹਨਾਂ ਦੇ ਕੀਰਤਨ ਦੀਵਾਨ ਸਰਵਣ ਕੀਤੇ ਨੇ, ਕਹਿੰਦੇ, ਸਾਨੂੰ ਮਹਾਂਪੁਰਸ਼ਾਂ ਦੇ ਬਚਨਾਂ ਤੋਂ ਅੱਗੇ ਰਸਤਾ

ਮਿਲ ਗਿਆ। ਉਹ ਵੀ ਝੁਕਦੇ ਨੇ।

ਬਲਵੰਤ ਫਾਰਮ ਯੂ.ਪੀ, ਜਿਸ ਵਕਤ ਰਾੜਾ ਸਾਹਿਬ ਵਾਲੇ ਮਹਾਂਪੁਰਸ਼ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ) ਸੰਨ 1973 ਵਿਚ, ਡੇਢ ਦੋ ਮਹੀਨੇ ਦੀਵਾਨ ਲਾਏ। ਆਪਣੇ ਮਹਾਂਪੁਰਸ਼ ਸਾਰਾ ਇੰਤਜ਼ਾਮ ਕਰਦੇ ਸੀ। ਬਲਵੰਤ ਫਾਰਮ ਪਹਿਲਾਂ ਸੰਗਤ ਨੂੰ ਮਿਲਦੇ ਸੀ ਫੇਰ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਦੀਵਾਨ 'ਤੇ ਜਾਂਦੇ ਸਨ। ਦਾਸ ਵੀ ਉਥੇ ਬੈਠਾ ਸੀ ਤੇ ਇਕ ਸਾਧੂ ਮਹਾਂਪੁਰਸ਼ ਆਇਆ। ਉਹਦੇ ਗੇਰੂ ਰੰਗ ਦੇ ਬਸਤਰ ਸਨ ਤੇ ਆ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਵਾਸਤੇ ਬੈਠ ਗਿਆ। ਉਹਨੇ ਹਿੰਦੀ ਵਿਚ ਬੇਨਤੀ ਕੀਤੀ ਕਿ ਸਾਡੇ ਸੰਤ ਮੰਡਲ ਵਿਚ ਵਿਚਾਰ ਹੋਈ ਕਿ ਸਾਧੂ ਵੱਡੇ-ਵੱਡੇ ਨੇ ਪਰ ਐਸ ਵੇਲੇ ਪੂਰਨ ਮਹਾਂਪੁਰਸ਼ ਰਾੜਾ ਸਾਹਿਬ ਵਾਲੇ ਨੇ। ਬਹੁਤ ਕਮਾਈ ਵਾਲੇ ਮਹਾਂਪੁਰਸ਼ ਨੇ। ਕਹਿੰਦਾ, ਮੇਰੇ ਮਨ ਵਿਚ ਆਇਆ ਕਿ ਮੈਂ ਦਰਸ਼ਨ ਕਰਾਂ। ਚਲਦਿਆਂ-ਚਲਦਿਆਂ ਪਤਾ ਲੱਗਾ ਕਿ ਤਰਾਈ ਏਰੀਏ ਵਿਚ ਆਏ ਨੇ। ਮਹਾਂਪੁਰਸ਼ਾਂ ਨੂੰ ਕਹਿਣ ਲੱਗਿਆ ਕਿ ਮੈਂ ਆਪ ਦੇ ਦਰਸ਼ਨ ਕਰਨ ਆਇਆ ਹਾਂ, ਤੁਸੀਂ ਬਹੁਤ ਵੱਡੇ ਮਹਾਂਪੁਰਸ਼ ਹੋ।

ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਕਹਿੰਦੇ, ਅਸੀਂ ਵੱਡੇ ਨਹੀਂ -

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ - ੭੫੦*

ਮਹਾਂਪੁਰਸ਼ ਬਾਬਾ ਪ੍ਰਤਾਪ ਸਿੰਘ ਜੀ, ਜੋ ਕਿ ਨਾਮਧਾਰੀ ਮਹਾਂਪੁਰਸ਼ ਹੋਏ ਨੇ। ਉਹ ਬੈਠੇ ਨੇ, ਉਹਨਾਂ ਦੀ ਸੰਗਤ ਬੈਠੀ ਸੀ। ਉਥੇ ਵਿਚਾਰ ਚੱਲੀ ਸੰਤਾਂ ਬਾਰੇ ਕਿ ਕਿਹੜੇ ਸੰਤ ਨੇ ਅੱਜ ਦੇ ਸਮੇਂ ਵਿਚ? ਉਹਨਾਂ ਨੇ ਕਿਹਾ ਕਿ ਜੇ ਤੁਸੀਂ ਦਰਸ਼ਨ ਕਰਨੇ ਨੇ ਤਾਂ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਲਓ। ਉਹ ਹੈਰਾਨ ਹੋ ਗਏ ਕਿ ਤੁਸੀਂ ਕਿਹੜਾ ਘੱਟ ਹੋ, ਅਸੀਂ ਤਾਂ ਤੁਹਾਨੂੰ ਮੰਨਦੇ ਹਾਂ। ਉਹਨਾਂ ਨੇ ਅੱਗੋਂ ਜਵਾਬ ਦਿਤਾ, ਕਹਿੰਦੇ, ਉਹ ਐਸੇ ਮਹਾਂਪੁਰਸ਼ ਨੇ, ਨਾ ਕਿਸੇ ਦੀ ਨਿੰਦਿਆ ਕਰਦੇ ਨੇ, ਨਾ ਕਿਸੇ ਦੀ ਨਿੰਦਿਆ ਸੁਣਦੇ ਨੇ। ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਬਚਨ ਸੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਲਈ ਕਿ ਅੱਜ ਸੁਹਾਗਣ ਨੂੰ ਸੁਹਾਗਣ ਦਾ ਮਿਲਾਪ ਹੋਇਆ। ਇਕ ਰੂਪ ਹੋਏ ਨੇ ਦੋਵੇਂ। ਵੱਡੇ-ਵੱਡੇ ਸਾਧਕ, ਵੱਡੇ-ਵੱਡੇ ਵਿਦਵਾਨ ਨੇ ਜੋ ਪਿਆਰਿਓ, ਬਹੁਤ ਸਾਰੇ ਪ੍ਰੇਮੀ ਤਾਂ ਜਾਣਦੇ ਨੇ ਕਿ ਸੰਸਾਰ ਪ੍ਰਸਿੱਧ ਡਾ. ਸਵਾਮੀ ਰਾਮ ਜੀ, ਸੰਨ 1993 ਵਿਚ ਪਹਿਲੀ ਵਾਰ ਆਏ ਸਨ। ਉਹਨਾਂ ਨੇ ਇਥੇ ਰਤਵਾੜਾ ਸਾਹਿਬ ਦਰਖ਼ਤਾਂ ਥੱਲੇ ਬੈਠਿਆਂ ਕਿਹਾ ਸੀ ਕਿ 'ਹਮ ਗਲੇ ਤਕ ਭਰੇ ਹੂਏ ਹੈਂ, ਦਿਲ ਕਰਤਾ ਹੈ ਕਿ ਸਰੀਰ ਛੋੜ ਦੇਂ।' ਮਹਾਂਪੁਰਸ਼ ਕਹਿੰਦੇ, ਸਵਾਮੀ ਜੀ! ਨਹੀਂ, ਆਓ! ਇਕ ਘੰਟਾ ਬਚਨ ਕੀਤੇ ਕਮਰੇ ਵਿਚ ਬੈਠ ਕੇ ਦੋਹਾਂ ਨੇ। ਹਸਦੇ ਹੋਏ ਬਾਹਰ ਨਿਕਲੇ ਸਵਾਮੀ ਜੀ, ਕਹਿੰਦੇ, ਹਮਨੇ ਆਜ ਬਹੁਤ ਬੜਾ ਖਜ਼ਾਨਾ ਲੂਟਾ ਹੈ। ਯਹ ਤੋ ਪਿਆਰ ਕੇ ਸਾਗਰ ਹੈਂ। ਉਹਨਾਂ ਨੇ ਕਿਹਾ ਕਿ ਮੈਂ ਦੁਨੀਆਂ ਵਿਚ ਸੰਤ ਬਹੁਤ ਦੇਖੇ ਨੇ ਪਰ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦੇ ਜਿਹੜੇ ਸੰਤ ਮਹਾਂਪੁਰਸ਼ ਹਨ, ਇਹਨਾਂ ਦਾ ਜੀਵਨ ਨਿਰਾਲਾ ਹੈ। ਮਹਾਂਪੁਰਸ਼ਾਂ ਦਾ ਜੀਵਨ ਐਸਾ ਹੈ ਜਿਵੇਂ ਭਾਈ ਸਾਹਿਬ ਭਾਈ ਗੁਰਦਾਸ ਜੀ ਦਸਦੇ ਨੇ ਕਿ -

*ਭਗਤ ਵਡਾ ਰਾਜਾ ਜਨਕ ਹੈ*
*ਗੁਰਮੁਖ ਮਾਇਆ ਵਿਚ ਉਦਾਸੀ।*

ਜੇਕਰ ਸਿੰਧ ਵਿਚ ਆਪ ਜੀ ਨੇ ਖੇਤੀ ਕੀਤੀ, ਨਾਲ ਨਾਮ ਬਾਣੀ ਦਾ ਪ੍ਰਚਾਰ ਵੀ ਕੀਤਾ। ਆਰਮੀ ਵਿਚ ਨੌਕਰੀ ਕੀਤੀ, ਨਾਮ ਬਾਣੀ ਦਾ ਪ੍ਰਚਾਰ ਵੀ ਕੀਤਾ। ਸੈਕਟਰੀਏਟ ਸਰਵਿਸ ਕੀਤੀ, ਨਾਮ ਬਾਣੀ ਦਾ ਪ੍ਰਚਾਰ, ਨਾਲ ਕੀਤਾ। ਜੇ ਆਪ ਜੀ ਯੂ.ਪੀ ਦੇ ਵਿਚ ਗਏ, ਉਥੇ ਵੀ ਘਰ-ਘਰ ਜਾ ਕੇ ਆਪ ਜੀਆਂ ਨੇ ਸਿੱਖੀ ਦਾ ਪ੍ਰਚਾਰ ਕੀਤਾ ਤੇ ਕੋਈ ਪੈਸਾ ਨਹੀਂ ਸੀ ਲੈਂਦੇ। ਬੜੇ ਲੋਕ ਆਪਸ ਵਿਚ ਗੱਲਾਂ ਕਰਦੇ ਸੀ ਕਿ ਇਹ ਗੱਲ ਕਿਵੇਂ ਹੋ ਸਕਦੀ ਹੈ ਕਿ ਘਰੋਂ ਟਰੈਕਟਰ 'ਚ ਤੇਲ ਪਾਉਂਦੇ ਨੇ। ਇਹ ਕਿਵੇਂ ਹੋ ਸਕਦਾ ਹੈ ਕਿ ਰੁਪਿਆ ਵਾਜੇ 'ਤੇ ਰਖਾਉਂਦੇ ਹੀ ਨਹੀਂ। ਜਿਵੇਂ-ਜਿਵੇਂ ਕਿਸੇ ਦੀ ਬੁੱਧ ਹੁੰਦੀ ਹੈ। ਕਈਆਂ ਨੇ ਕਿਹਾ ਕਿ ਪਤਾ ਨਹੀਂ ਕੀ ਮਿਲਦਾ ਹੋਣਾ ਸਰਕਾਰ ਵਲੋਂ, ਪਤਾ ਨਹੀਂ ਕੀ ਆਉਂਦਾ ਹੋਣੈ। ਪਰ -

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ - ੯੫੩*

ਉਹਨਾਂ ਦੀ ਤਾਂ ਪ੍ਰੀਤ ਉਸ ਸੱਚੀ ਸਰਕਾਰ ਨਾਲ ਹੈ, ਸੱਚੇ ਪਾਤਸ਼ਾਹ ਨਾਲ ਹੈ। ਉਹ ਦੁਨੀਆਂ ਦੀਆਂ ਸਰਕਾਰਾਂ ਕੋਲੋਂ ਨਹੀਂ ਕੁਛ ਮੰਗਦੇ, ਕਿਉਂਕਿ ਉਹਨਾਂ ਦੀ ਪ੍ਰੀਤ ਉਸ ਵਾਹਿਗੁਰੂ ਦੇ ਨਾਲ ਹੈ। ਉਹ ਜਿੱਥੇ ਵੀ ਗਏ ਨੇ, ਮਹਾਂਪੁਰਸ਼ਾਂ ਨੇ ਨਾਮ ਬਾਣੀ ਦਾ ਪ੍ਰਚਾਰ ਕੀਤਾ ਹੈ। ਉਹਨਾਂ ਨੂੰ ਜੀਵਨ ਵਿਚ ਜਿਵੇਂ ਡਾ. ਸਵਾਮੀ ਰਾਮ ਜੀ ਮਿਲੇ, ਹੋਰ ਵੀ ਮਿਲਦੇ ਰਹੇ ਨੇ। ਵੱਡੇ-ਵੱਡੇ ਜਿਹੜੇ ਨਾਮ ਦਾ ਅਭਿਆਸ ਕਰਦੇ ਸੀ, ਮਹਾਂਪੁਰਸ਼ਾਂ ਕੋਲ ਆ ਜਾਂਦੇ ਸੀ। ਚਾਹੇ ਉਹ ਸਿੱਖੀ ਵਿਚ ਸੀ, ਚਾਹੇ ਇਸਲਾਮ ਨੂੰ ਮੰਨਣ ਵਾਲੇ ਸੀ, ਚਾਹੇ ਕਿਸੇ ਹੋਰ ਸੰਪਰਦਾ ਦੇ ਹੋਣ ਤੇ ਮਹਾਂਪੁਰਸ਼ ਜਿਥੇ ਵੀ ਕੋਈ ਰੁਕਿਆ ਸੀ, ਉਥੋਂ ਹੀ ਉਹਨਾਂ ਨੂੰ

ਤੋਰ ਦਿੰਦੇ ਸਨ। ਇਸ ਕਰਕੇ ਵੱਡੇ-ਵੱਡੇ ਸਾਧਕ ਵੀ ਉਹਨਾਂ ਨੂੰ ਮੰਨਦੇ ਨੇ। ਉਹਨਾਂ ਦੇ ਅਮੋਲਕ ਬਚਨ, ਜਿਵੇਂ ਕਈਆਂ ਨੇ ਕਿਹੈ ਕਿ ਸਾਨੂੰ 'ਆਤਮ ਮਾਰਗ' ਵਿਚੋਂ ਬਹੁਤ ਕੁਛ ਪ੍ਰਾਪਤ ਹੋਇਆ ਹੈ। ਮਹਾਂਪੁਰਸ਼ਾਂ ਦੀ ਸਭ ਤੋਂ ਪਹਿਲੀ ਜਿਹੜੀ ਪੁਸਤਕ ਹੈ, 'ਸੁਰਤਿ ਸਬਦਿ ਮਾਰਗ' ਹੈ। ਮੈਂ ਆਪ ਜੀ ਨੂੰ ਬੇਨਤੀ ਕਰ ਰਿਹਾ ਸੀ ਕਿ ਬਾਰ-ਬਾਰ 'ਆਤਮ ਮਾਰਗ' ਪੜ੍ਹੋ, ਬਾਰ-ਬਾਰ ਪੁਸਤਕਾਂ ਪੜ੍ਹੋ। ਤੁਹਾਨੂੰ ਪਤਾ ਲਗ ਜਾਏਗਾ। 'ਸੁਰਤਿ ਸਬਦਿ ਮਾਰਗ' ਪੁਸਤਕ ਹੈ, ਉਹਦੇ ਵਿਚ ਕਰਮ, ਉਪਾਸਨਾ, ਗਿਆਨ, ਵਿਗਿਆਨ ਦਾ ਬਚਨ ਆਏਗਾ। ਉਸ ਤੋਂ ਬਾਅਦ ਸੁਰਤਿ ਸਬਦਿ ਮਾਰਗ ਕਿਵੇਂ ਹੈ? ਕਿਸ ਤਰ੍ਹਾਂ ਇਸ ਸਰੀਰ ਦੇ ਅੰਦਰ, ਸਾਡੀ ਜਿਹੜੀ ਸੁਰਤਿ ਹੈ, ਉਹਨੇ ਸ਼ਬਦ ਵਿਚ ਕਿਵੇਂ ਲੀਨ ਹੋਣਾ ਹੈ -

*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥* ਅੰਗ - ੯੪੩

ਅਸੀਂ 'ਸਿੱਖ' ਸੁਰਤਿ ਨੂੰ ਬਣਾਉਣਾ ਹੈ। ਕੇਵਲ ਸਰੀਰ ਤਕ ਨਹੀਂ ਰਹਿਣਾ ਤੇ ਗੁਰੂ ਜਿਹੜਾ ਸਾਡਾ ਹੈ ਉਹ ਸਬਦਿ ਹੈ। ਉਹਦੇ ਵਿਚ ਮਹਾਂਪੁਰਸ਼ਾਂ ਦਾ ਇਕ-ਇਕ ਬਚਨ ਅਮੋਲਕ ਹੈ। ਸੋ ਜੋ ਨਾਮ ਦਾ ਅਭਿਆਸ ਹੈ, ਪਹਿਲਾਂ ਰਸਨਾ ਦੇ ਨਾਲ, ਐਨਾ ਕੁ ਉੱਚੀ ਜਿਹੜਾ ਕੰਨਾਂ ਨੂੰ ਸੁਣਦਾ ਹੈ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਬਚਨ ਕਰ ਰਹੇ ਹਨ। ਪਹਿਲਾ ਰਸਨਾ ਦੇ ਨਾਲ, ਫੇਰ ਇਹ ਜਿਹੜੀ ਅਵਾਜ਼ ਹੈ, ਜਿਵੇਂ ਪਹਿਲਾਂ ਕੰਨਾਂ ਤਕ ਅਵਾਜ਼ ਸੁਣਾਈ ਦਿੰਦੀ ਸੀ, ਫੇਰ ਇਹ ਅਵਾਜ਼ ਘਟ ਗਈ। ਬੁਲ੍ਹ ਫਰਕਣਗੇ, ਬੁਲ੍ਹ ਫਰਕਣੇ ਵੀ ਹਟ ਜਾਣਗੇ, ਅੰਦਰ ਜਿਹੜੀ ਰਸਨਾ ਹੈ ਇਹ ਥੋੜ੍ਹ ਜਿਹੀ ਹਰਕਤ ਕਰੇਗੀ। ਫੇਰ ਇਹ ਵੀ ਹਟ ਜਾਏਗੀ। ਫੇਰ ਸਵਾਸਾਂ 'ਤੇ ਨਾਮ ਆ ਜਾਏਗਾ। ਜਿਵੇਂ ਬੈਖਰੀ ਹੈ, ਫੇਰ ਮਧਮਾ ਹੈ, ਫੇਰ ਪਸੰਤੀ ਹੈ। ਪਸੰਤੀ ਬਾਣੀ ਕਹਿੰਦੇ ਨੇ ਸਵਾਸਾਂ ਦੀ ਬਾਣੀ ਨੂੰ। ਮਹਾਂਪੁਰਸ਼ਾਂ ਨੇ ਸਵਾਸਾਂ ਨਾਲ ਨਾਮ ਜਪਣ ਦੀ ਜੁਗਤੀ ਸੰਗਤ ਵਿਚ ਬਾਰ-ਬਾਰ ਦੱਸੀ ਹੈ ਕਿ ਕਿਵੇਂ ਸਵਾਸਾਂ ਨਾਲ ਨਾਮ ਜਪਣਾ ਹੈ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* ਅੰਗ - ੨੯੫

ਫੇਰ ਹੈ ਪਰਾ ਬਾਣੀ, ਨਾਭੀ ਦੀ ਬਾਣੀ। ਉਸ ਤੋਂ ਬਾਅਦ ਫੇਰ -

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥* ਅੰਗ - ੯੪੧

ਉਸ ਤੋਂ ਅੱਗੇ ਹੈ ਨਾਮ ਦੀ ਅਉਧੀ। ਨਾਮ ਦੀ ਅਉਧੀ ਕੀ ਹੈ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* ਅੰਗ - ੧੨੬੫

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ*
*ਜੰਗਲਿ ਜਿੰਨ੍ਾ ਵਾਸੁ ॥*
*ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥*
ਅੰਗ - ੧੩੮੩

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥* ਅੰਗ - ੫੪੦

ਉਹ ਅਵਸਥਾ ਆ ਜਾਣੀ ਕਿ ਹਰ ਚੀਜ਼ ਦੇ ਵਿਚੋਂ ਨਾਮ ਦੀ ਧੁਨ ਸੁਣਦੀ ਹੈ।

ਇਹ ਹੈ ਨਾਮ ਦੀ ਅਉਧੀ। ਸਾਰੀ ਕੁਦਰਤ ਦੇ ਵਿਚੋਂ ਨਾਮ ਦੀ ਧੁਨ ਸੁਣਦੀ ਹੈ।

ਮੇਰੇ ਸ੍ਰੀ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਬੈਠੇ ਨੇ। ਹਲਟ ਚਲ ਰਿਹਾ ਹੈ, ਖੂਹ ਚਲ ਰਿਹੈ। ਸਾਡੇ 'ਤੇ ਕ੍ਰਿਪਾ ਕਰਨ ਵਾਸਤੇ ਉਚਾਰਨ ਕਰ ਰਹੇ ਹਨ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥*
ਅੰਗ - ੧੪੨੦

ਲੱਕੜੀ ਦੇ ਢੋਲ ਚੁੱਕ ਹੁੰਦੇ ਉਸ ਵੇਲੇ, ਮਿੱਟੀ ਦੀਆਂ ਟਿੰਡਾਂ ਹੁੰਦੀਆਂ। ਬਹੁਤ ਸਾਰੇ ਜਿਹੜੇ ਬਜ਼ੁਰਗ ਹਨ, ਉਹਨਾਂ ਨੇ ਵੀ ਦੇਖਿਐ। ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤਾਂ ਬਹੁਤ ਪਹਿਲਾਂ ਦੀ ਗੱਲ ਹੈ। ਜਦੋਂ ਖੂਹ ਚਲਦਾ ਸੀ, ਹਲਟ ਚਲਦਾ ਸੀ, ਅਵਾਜ਼ ਆਉਂਦੀ ਸੀ ਘੂੰ-ਘੂੰ। ਮੇਰੇ ਸਾਹਿਬ ਕਹਿੰਦੇ, ਘੂੰ-ਘੂੰ ਨਹੀਂ, ਇਹ ਵੀ ਤੇਰਾ ਹੀ ਨਾਮ ਜਪਦਾ ਹੈ। ***'ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥'*** ਇਹਦੇ ਅੰਦਰ ਪੂਰਨ ਸਚਿਆਈ ਹੈ।

ਬੇਨਤੀ ਧਿਆਨ ਨਾਲ ਸਰਵਣ ਕਰਿਓ ਜਿਹਨੇ ਨਿਤਨੇਮ ਹੀ ਨਹੀਂ ਕਰਨਾ, ਨਾਮ ਜਪਣਾ ਹੀ ਨਹੀਂ ਤੇ ਪਿਆਰਿਓ! ਉਹ ਤਾਂ ਜੋ ਮਰਜ਼ੀ ਕਹੀ ਜਾਏ। ਇਹ ਤਾਂ ਨਾਮ ਜਪ ਕੇ ਜਿਨ੍ਹਾਂ 'ਤੇ ਬਖਸ਼ਿਸ਼ਾਂ ਹੋਈਆਂ, ਉਹਨਾਂ ਨੂੰ ਪਤਾ ਹੈ। ਦੂਜਿਆਂ ਵਾਸਤੇ ਤਾਂ ਆਮ ਅਵਾਜ਼ ਹੈ। ਜਿਨ੍ਹਾਂ ਦੀ ਅਵਸਥਾ ਹੈ ਉਹ ਹਰ ਚੀਜ਼ ਵਿਚੋਂ, ਚਾਹੇ ਪਸ਼ੂ-ਪੰਛੀਆਂ ਦੀ ਅਵਾਜ਼ ਹੈ, ਹਵਾ ਦੀ ਅਵਾਜ਼ ਹੈ, ਦਰਿਆਵਾਂ ਦੀ ਅਵਾਜ਼ ਹੈ, ਕਿਸੇ ਚੀਜ਼ ਦੀ ਅਵਾਜ਼ ਹੈ, ਕਿਉਂਕਿ ਸਾਹਿਬ ਕਹਿੰਦੇ ਨੇ - ***'ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥' 'ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥'*** ਇਹ ਨਾਮ ਦੀ ਅਉਧੀ ਹੈ।

ਨਾਮ ਦਾ ਫਲ, ਮਹਾਂਪੁਰਸ਼ ਬਚਨ ਕਰ ਰਹੇ ਨੇ, ਰੇਰੂ ਸਾਹਿਬ ਵਾਲੇ। ਕਹਿੰਦੇ, ਨਾਮ ਦਾ ਫਲ ਹੈ ਜੋ, ਸਤਿਗੁਰ ਦੀ ਬਾਣੀ ਦਾ ਬਚਨ ਆਉਂਦੈ।

ਕੀ? - ***'ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥'***

*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨*

ਕਹਿੰਦੇ, ਇਹ ਹੈ-ਨਾਮ ਦਾ ਫਲ। ਨਾਮ ਜਪਦਿਆਂ-ਜਪਦਿਆਂ ਉਹਦੇ ਵਿਚ ਅਭੇਦ ਹੋ ਜਾਣਾ, ਦੋ ਤੋਂ ਭਗਤੀ ਸ਼ੁਰੂ ਹੁੰਦੀ ਹੈ, ਇਕ 'ਤੇ ਖਤਮ ਹੋ ਜਾਂਦੀ ਹੈ। ਸਿੱਖ, ਗੁਰੂ ਵਿਚ ਸਮਾ ਜਾਂਦਾ ਹੈ। ਵਾਹਿਗੁਰੂ ਦਾ ਪਿਆਰਾ, ਵਾਹਿਗੁਰੂ ਦੇ ਵਿਚ ਅਭੇਦ ਹੋ ਜਾਂਦਾ ਹੈ। ਸੋ ਇਹ ਅਵਸਥਾ ਹੈ ਪ੍ਰਮੇਸ਼ਰ ਦੇ ਪਿਆਰਿਆਂ ਦੀ। ਇਹ ਅਵਸਥਾ ਉਹਨਾਂ ਦੀ ਹੈ, ਤੇ ਉਹ ਸੰਸਾਰ ਦੇ ਕਿਸੇ ਵੀ ਕੋਨੇ 'ਚ ਜਾਂਦੇ ਨੇ ਉਹ ਫੇਰ ਪਰਉਪਕਾਰ ਹੀ ਕਰਦੇ ਨੇ। ਵੱਡਾ ਪਰਉਪਕਾਰ -

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

ਭਾਈ ਸਾਹਿਬ ਭਾਈ ਗੁਰਦਾਸ ਜੀ ਵਾਹਿਗੁਰੂ ਦੇ ਪਿਆਰਿਆਂ ਦੀ ਸਿਫਤ ਕਰਦੇ ਹੋਏ ਇਕ ਜਗ੍ਹਾ ਫੁਰਮਾਨ ਕਰਦੇ ਨੇ -

*ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।*
*ਪਾਣੀ ਚਲੈ ਨੀਵਾਣਿ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।*
*ਬਹੁ ਰੰਗੀ ਇਕ ਰੰਗੁ ਹੈ ਸਭਨਾ ਅੰਦਰਿ ਇਕੋ ਜਾਣੀ।*
*ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ।*
*ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।*
*ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ।*
*ਗੁਰਸਿਖੀ ਦੀ ਏਹ ਨਿਸਾਣੀ॥ ਭਾਈ ਗੁਰਦਾਸ ਜੀ*

ਇਹ ਨਿਸ਼ਾਨੀ ਹੈ ਗੁਰਸਿੱਖੀ ਦੀ ਪਿਆਰਿਓ।

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਦਾ ਭਲਾ।*

ਪਿਆਰੇ ਮਹਾਂਪੁਰਸ਼ਾਂ ਦੇ ਉਪਰ ਵੀ ਯੂ.ਪੀ ਦੇ ਅੰਦਰ ਜਾਨ-ਲੇਵਾ ਵਾਰ ਹੋਏ। ਜੱਜ ਕਹਿੰਦਾ ਕਿ ਦੋਸ਼ੀਆਂ ਨੂੰ ਮੈਂ ਸੱਤ ਸਾਲ ਦੀ ਸਜ਼ਾ ਸੁਣਾ ਰਿਹਾ ਹਾਂ।

ਮਹਾਂਪੁਰਸ਼ਾਂ ਨੇ ਕਿਹਾ ਜੱਜ ਨੂੰ ਕਿ ਜੋ ਅਸੀਂ ਕਹਾਂਗੇ, ਉਹ ਮੰਨੋਂਗੇ?

ਕਹਿੰਦੇ, ਹਾਂ।

ਜੱਜ ਦੇ ਮਨ ਵਿਚ ਸੀ ਕਿ ਇਹਨਾਂ ਨੇ ਬਹੁਤ ਵੱਡਾ ਵਾਰ ਕੀਤਾ ਹੈ ਬਰਛੇ ਨਾਲ, ਸ਼ਾਇਦ ਸਜ਼ਾ ਥੋੜ੍ਹੀ ਹੋਵੇ, ਜ਼ਿਆਦਾ ਦੇਣੀ ਚਾਹੀਦੀ ਹੈ।

ਮਹਾਂਪੁਰਸ਼ ਕਹਿੰਦੇ, ਇਹਨਾਂ ਨੂੰ ਛੱਡ ਦਿਓ, ਸਜ਼ਾ ਨਾ ਦਿਓ। ਇਹਨਾਂ ਨੂੰ ਬਰੀ ਕਰ ਦਿਓ। ਜੱਜ ਹੈਰਾਨ ਹੋ ਗਿਆ।

ਕਹਿੰਦੇ, ਕਿਉਂ?

ਕਹਿੰਦੇ, ਇਹਨਾਂ ਨੇ ਲਾਲਚ ਵਿਚ ਆ ਕੇ ਸਾਡੇ 'ਤੇ ਵਾਰ ਕੀਤਾ। ਅਸੀਂ ਇਹਨਾਂ ਦਾ ਇੰਤਜ਼ਾਮ ਕਰਾਂਗੇ। ਜਿਹਦੇ ਨਾਲ ਇਹ ਐਸੇ ਕੰਮ ਇਹ ਨਾ ਕਰਨ। ਰੁਪਿਆ-ਪੈਸਾ ਲੈ ਕੇ ਵਾਰ ਕਰਨੇ, ਪਿੱਛੇ ਹੋਰ ਹੈ ਕੋਈ, ਕਰਾਉਣ ਵਾਲੇ ਹੋਰ ਨੇ। ਕਹਿੰਦੇ, ਇਹਨਾਂ ਦਾ ਇੰਤਜ਼ਾਮ ਕਰ ਦਿਆਂਗੇ ਤਾਕਿ ਇਹਨਾਂ ਨੂੰ ਇਸ ਤਰ੍ਹਾਂ ਦੇ ਕੰਮ ਨਾ ਕਰਨੇ ਪੈਣ। ਇਹ ਪਰਉਪਕਾਰ ਦੇਖੋ, ਮਹਾਂਪੁਰਸ਼ਾਂ ਦਾ। ਇਹ ਨਿਸ਼ਾਨੀ ਹੈ, ਗੁਰਸਿੱਖੀ ਦੀ।

ਜਿਹੜੇ ਵਾਹਿਗੁਰੂ ਦੇ ਪਿਆਰੇ ਨੇ ਉਹਨਾਂ ਦਾ ਸਾਰਾ ਜੀਵਨ ਹੀ ਪਰਉਪਕਾਰ ਵਾਲਾ ਹੁੰਦੈ।

ਯੂ.ਪੀ ਦੇ ਅੰਦਰ ਸ਼ਰਾਬ ਆਮ, ਕਤਲ ਆਮ, ਚੋਰੀਆਂ ਆਮ, ਤਿੰਨ ਚੀਜ਼ਾਂ ਬਹੁਤ ਹੁੰਦੀਆਂ ਸਨ। ਗਾਜਰ, ਮੂਲੀ ਵਾਂਗ ਬੰਦਾ ਵੱਢ ਦਿੰਦੇ ਸੀ। ਸ਼ਰਾਬ ਬੋਤਲਾਂ ਨਾਲ ਨਹੀਂ ਡਰੰਮਾਂ ਨਾਲ ਪੀਤੀ ਜਾਂਦੀ ਸੀ। ਜਦੋਂ ਮਹਾਂਪੁਰਸ਼ਾਂ ਨੇ ਪ੍ਰਚਾਰ ਸ਼ੁਰੂ ਕੀਤਾ। ਪਹਿਲਾਂ ਅਰਦਾਸ ਜਿਹੜੀ ਹੋਈ ਹੈ ਉਹਦੇ 'ਚ ਮਹਾਂਪੁਰਸ਼ਾਂ ਦੇ ਨਾਲ ਚਾਰ ਸਿੰਘ ਹੋਰ ਸਨ। ਪੰਜਾਂ ਨੇ ਅਰਦਾਸ ਸ਼ੁਰੂ ਕਰਕੇ ਗੁਰੂ ਮਹਾਰਾਜ ਦਾ ਆਸਰਾ ਲੈ ਕੇ, ਪਹਿਲਾਂ ਘਰ-ਘਰ ਵਿਚ ਸ਼ੁਰੂ ਕੀਤਾ।

ਮੈਂ ਕਈ ਵਾਰੀ ਬੇਨਤੀ ਕਰਦਾ ਹਾਂ, ਆਪਾਂ ਕੋਈ ਬਿਲਡਿੰਗ ਦੇਖਦੇ ਹਾਂ ਕਿ ਆਹ ਵੀਹ ਮੰਜ਼ਲੀ ਹੈ, ਤੀਹ ਮੰਜ਼ਲੀ ਹੈ, ਪੰਜਾਹ ਮੰਜ਼ਲੀ, ਸਾਨੂੰ ਉਸ ਬਿਲਡਿੰਗ ਦੀਆਂ ਨੀਹਾਂ ਨਹੀਂ ਦਿਸ ਰਹੀਆਂ ਕਿ ਇਹ ਬਿਲਡਿੰਗ ਐਵੇਂ ਹੀ ਐਨੀ ਵੱਡੀ ਨਹੀਂ। ਇਹਦੀ ਨੀਂਹ ਕਿੰਨੀ ਪੱਕੀ ਹੋਵੇਗੀ। ਅੱਜ ਕਿੰਨੇ ਜੱਥੇ ਹਨ ਮਹਾਂਪੁਰਸ਼ਾਂ ਦੇ, ਕਿੰਨੇ ਹੀ ਅਸਥਾਨ ਹਨ ਪਰ ਇਹ ਕਮਾਈਆਂ ਉਹਨਾਂ ਮਹਾਂਪੁਰਖਾਂ ਦੀਆਂ ਹਨ। ਉਹਨਾਂ ਨੂੰ ਬਚਨ ਹੋਇਆ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਕਿ ਜਾਓ ਤੁਹਾਡੇ ਕੋਲੋਂ ਸੰਗਤ ਨਹੀਂ ਸੰਭਾਲੀ ਜਾਏਗੀ। ਜਦੋਂ 1978 ਵਿਚ ਮਹਾਂਪੁਰਸ਼ ਫਾਰਮ ਵੇਚ ਕੇ ਏਧਰ ਨੂੰ ਆਏ ਤੇ ਮਹਾਂਪੁਰਸ਼ਾਂ ਨੇ ਜਿਹੜਾ ਬਚਨ ਕੀਤਾ ਸੀ ਕਿ ਇਹ ਜਿਹੜਾ ਸਤਿਸੰਗ ਦਾ ਬੂਟਾ ਹੈ, ਹੁਣ ਜਿਹੜਾ ਕਲਜੁਗ ਦਾ ਹੜ੍ਹ ਹੈ ਇਸ ਬੂਟੇ ਨੂੰ ਮਾਰ ਨਹੀਂ ਸਕੇਗਾ। ਇਹ ਉਪਰ ਹੀ ਜਾਏਗਾ। ਉਥੋਂ ਆਉਣ ਲੱਗਿਆਂ ਮਹਾਂਪੁਰਸ਼ਾਂ ਨੇ ਬਚਨ ਕੀਤਾ ਸੀ, ਸਤਿਸੰਗ ਦਾ ਬੂਟਾ, ਕਹਿੰਦੇ, ਇਹਨੂੰ ਕਲਜੁਗ ਦਾ ਹੜ੍ਹ, ਹੁਣ ਮਾਰ ਨਹੀਂ ਸਕੇਗਾ। ਇਹ ਉਪਰ

ਹੀ ਜਾਏਗਾ ਤੇ ਜਾ ਰਿਹਾ ਹੈ।

ਸੋ ਮਹਾਂਪੁਰਸ਼ਾਂ ਨੇ ਪਹਿਲਾਂ ਘਰ-ਘਰ ਸਤਿਸੰਗ ਸ਼ੁਰੂ ਕੀਤਾ। ਫੇਰ ਦੇਖੋ ਚਲਦਾ-ਚਲਦਾ ਕਿੱਥੇ ਪਹੁੰਚ ਗਿਆ। ਸੋ ਮਹਾਂਪੁਰਸ਼ਾਂ ਦਾ ਸਾਰਾ ਜੀਵਨ ਜੋ ਹੈ, ਪਰਉਪਕਾਰ ਦਾ ਹੀ ਹੈ, ਜਿਵੇਂ 'ਆਤਮ ਮਾਰਗ' ਵੱਡਾ ਪਰਉਪਕਾਰ, ਪੁਸਤਕਾਂ ਹਨ, ਸੀਡੀਆਂ ਹਨ, ਸਕੂਲ, ਕਾਲਜ ਹਨ, ਇਹ ਮਹਾਂਪੁਰਸ਼ਾਂ ਦੀਆਂ ਕਮਾਈਆਂ ਸਦਕਾ ਕਿੰਨਾਂ ਲਾਭ ਹੋ ਰਿਹਾ ਹੈ, ਕਿੰਨੇ ਜਥੇ ਹਨ। ਇਸ ਦੇ ਨਾਲ ਬਿਰਧ ਆਸ਼ਰਮ ਹੈ, ਹਸਪਤਾਲ ਹੈ, ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ ਹੈ, ਇਹ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਅਤੇ ਮਹਾਂਪੁਰਖਾਂ ਦੀਆਂ ਅਸੀਸਾਂ ਦੇ ਨਾਲ ਚਲ ਰਿਹਾ ਹੈ। ਸੋ ਜਿਹੜੀ ਮੈਂ ਬੇਨਤੀ ਸ਼ੁਰੂ ਕੀਤੀ ਸੀ, ਅਸੀਂ ਅਰਦਾਸ ਕਰੀਏ ਸੱਚੇ ਪਾਤਸ਼ਾਹ! ਸਾਡੇ 'ਤੇ ਕ੍ਰਿਪਾ ਕਰੋ, ਕਿਉਂਕਿ -

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*
*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ*
*ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥*

*ਅੰਗ- ੧੬੭*

ਇਹ ਕ੍ਰਿਪਾ ਸਤਿਗੁਰੂ ਦੀ ਹੋਈ। ਸਤਿਗੁਰੂ ਦੀ ਕ੍ਰਿਪਾ ਨਾਲ, ਮਹਾਂਪੁਰਸ਼ਾਂ ਦਾ, ਦਾਸ ਨੂੰ ਬਚਪਨ ਵਿਚ ਮਿਲਾਪ ਹੋਇਆ। ਆਪ ਜੀ ਨੇ ਮਹਾਂਪੁਰਸ਼ਾਂ ਦੇ ਰੱਜ-ਰੱਜ ਕੇ ਦਰਸ਼ਨ ਕੀਤੇ ਹਨ। ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਆਪ ਜੀ ਸ਼ਬਦ ਗੁਰੂ ਨਾਲ ਜੁੜੇ ਹੋਂ। ਇਹ ਵੱਡਾ ਪਰਉਪਕਾਰ ਜਿਹੜਾ ਆਪਣੇ ਸਾਰਿਆਂ 'ਤੇ ਹੋਇਆ ਹੈ - ***'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥'*** ਉਹਨਾਂ ਤੋਂ ਕੁਰਬਾਨ ਜਾਈਏ, ਵਾਰੇ ਜਾਈਏ। ਇਹ ਸਵਾਸ ਲੇਖੇ ਵਿਚ ਲਗ ਜਾਣ ਤੇ ਉਹਨਾਂ ਦੇ ਬਚਨ ਜੋ ਹਨ ਆਪਾਂ ਕਮਾ ਸਕੀਏ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥* *ਅੰਗ - ੭੪੭*

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

*(ਪੰਨਾ 10 ਦੀ ਬਾਕੀ)*

ਨੂੰ ਕੱਟਣ ਦੀ -

*ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥*
*ਅੰਗ - ੪੦੨*
*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥* *ਅੰਗ - ੧੧੯੫*

ਪ੍ਰਮੇਸ਼ਰ ਨੂੰ ਮਿਲਾਉਣ ਵਾਲੇ ਕਰਮ ਹੀ ਹਨ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਜਿਨੀ ਸਖੀਏ ਪ੍ਰਭੁ ਪਾਇਆ
ਹੰਉ ਤਿਨ ਕੈ ਸਦ ਬਲਿਹਾਰ ॥

ਜਿਨ੍ਹਾਂ ਨੇ ਪਾ ਲਿਆ ਉਨ੍ਹਾਂ ਤੋਂ ਬਲਿਹਾਰੇ ਜਾਈਏ।

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥* *ਅੰਗ- ੨੬੬*

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥

ਸਬਦਿ ਦੀ ਬਖਸ਼ਿਸ਼ ਨਾਲ ਆਪਣਾ ਆਪਾ ਸੰਵਰ ਗਿਆ।

*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥*
*ਅੰਗ- ੧੪੩*
*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*
*ਅੰਗ- ੧੩੮੨*

ਸਮਰੱਥ ਗੁਰੂ ਇਸਦੇ ਜੀਵਨ ਨੂੰ ਗੁਣਾਂ ਦਾ ਹਾਰ ਪਾ ਕੇ ਸੰਵਾਰ ਦਿੰਦਾ ਹੈ। ਜੀਵਨ ਵਿਚ ਨਵੀਂ ਰੌਂ ਰੁਮਕ ਪੈਂਦੀ ਹੈ। ਫਿਰ ਮਿਲਾਪ ਦੀ ਅਵਸਥਾ ਵਾਲੀ ਜੀਵ ਇਸਤਰੀ ਨੂੰ ਸੁਹਾਗਣੀ ਕਿਹਾ ਜਾਂਦਾ ਹੈ -

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥

ਜਿਨ੍ਹਾਂ ਜੀਵ ਇਸਤਰੀਆਂ ਨੇ ਆਪਣੇ ਗਲ ਵਿਚ ਪ੍ਰਭੂ ਦੇ ਨਾਮ ਦਾ ਹਾਰ ਪਾਇਆ ਹੈ ਉਨ੍ਹਾਂ ਵਾਸਤੇ ਸਾਵਣ ਖੇੜਾ ਤੇ ਠੰਢ ਪਾਉਣ ਵਾਲਾ ਹੈ। ਆਉ! ਕਰੀਏ ਅਰਦਾਸ ਕਿ ਸਾਨੂੰ ਸਾਰਿਆਂ ਨੂੰ ਪ੍ਰਭੂ ਨਾਮ ਵਾਲੀ ਹਰਿਆਵਲ ਪ੍ਰਾਪਤ ਹੋਵੇ। ਆਸਾੜ੍ਹ ਦੀ ਤਪਸ਼ ਤੋਂ ਬਾਅਦ ਸਾਵਣ ਦੀ ਠੰਢਕ ਪ੍ਰਾਪਤ ਹੋਵੇ। ਤਾਂ ਵਿਛੜਿਆਂ ਨੂੰ ਮਿਲਾਪ ਪ੍ਰਾਪਤ ਹੋਵੇ -

*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥* *ਅੰਗ- ੬੯੪*

ਜਗਿਆਸੂ ਜਨਾਂ ਦੀ ਇਹੋ ਆਸ, ਵਿਸ਼ਵਾਸ਼ ਤੇ ਅਰਦਾਸ ਹੁੰਦੀ ਹੈ।

# ਕਿਨਕਾ ਏਕ ਜਿਸੁ ਜੀਅ ਬਸਾਵੈ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰਦਿਆਂ ਹੋਇਆਂ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ ਸਾਨੂੰ ਸਤਿਗੁਰਾਂ ਦੇ ਦਰਬਾਰ ਦੇ ਅੰਦਰ ਪਹੁੰਚਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜੋ ਸਮਾਂ ਸਤਿਗੁਰੂ ਦੇ ਚਰਨਾਂ ਵਿਚ ਬਤੀਤ ਹੋਵੇ ਉਹ ਦਿਨ ਸਾਰੇ ਹੀ ਸੁਹਾਵਣੇ ਹਨ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜਰੇ।* *ਭਾਈ ਵੀਰ ਸਿੰਘ ਜੀ*

ਕਿੰਨਾਂ ਸਮਾਂ ਲੰਘ ਗਿਆ। ਕੋਈ ਹਿਸਾਬ-ਕਿਤਾਬ ਨਹੀਂ -

*ਅਰਬਦ ਨਰਬਦ ਧੁੰਧੂਕਾਰਾ ॥* *ਅੰਗ- ੧੦੩੫*

ਕਿਹੋ ਜਿਹਾ ਸਮਾਂ ਸੀ, ਇਹ ਸਾਰੀ ਜਿਹੜੀ ਉਤਪਤੀ ਹੋਈ, ਕਿੰਨੀ ਵਾਰ ਹੁੰਦੀ ਹੈ, ਕਿੰਨੀ ਵਾਰ ਪਰਲੋ ਹੁੰਦੀ ਹੈ, ਲੈਅ ਹੋ ਜਾਂਦੀ ਹੈ। ਡਿਊਟੀ ਲੱਗੀ ਹੋਈ ਹੈ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ - ੭*

ਸਾਇੰਸ ਨੇ ਇਹਨਾਂ ਨੂੰ ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ 'ਚ ਵੰਡਿਆ ਹੋਇਆ ਹੈ। ਐਟਮ ਦੀ ਇਹ ਸ਼ਕਤੀ, ਉਹਨਾਂ ਨੇ ਖੋਜ ਕੀਤੀ ਹੈ ਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਹ ਦਸਿਆ ਕਿ ਤਿੰਨ ਮੁਖੀ ਦੇਵਤੇ ਹਨ ਜੋ ਕੰਮ ਚਲਾਉਂਦੇ ਨੇ। ਇਸ ਤਰ੍ਹਾਂ ਦੇ ਨਾਲ ਸਾਰਾ ਕੁਝ ਚੱਲ ਰਿਹਾ ਹੈ -

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥*
*ਅੰਗ- ੪*

*ਸੂਰਜੁ ਏਕੋ ਰੁਤਿ ਅਨੇਕ ॥*
*ਨਾਨਕ ਕਰਤੇ ਕੇ ਕੇਤੇ ਵੇਸ ॥* *ਅੰਗ- ੧੨*

ਇਸ ਸਮੇਂ ਨੂੰ ਆਪਾਂ ਸਤਿਗੁਰੂ ਦੇ ਪਾਵਨ ਚਰਨਾਂ ਦੇ ਵਿਚ ਸਫਲ ਕਰ ਰਹੇ ਹਾਂ ਕਿਉਂਕਿ ਕਰਮਾਂ ਦੇ ਕਰਕੇ ਵਿਛੜੇ ਹਾਂ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ- ੧੩੩*

ਕਰਮ ਹੀ ਦੇਖੋ ਕਿੱਥੋਂ ਤੋਂ ਕਿਥੇ ਲੈ ਆਉਂਦਾ ਹੈ -

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥* *ਅੰਗ - ੬੫੩*

ਕਿੱਥੋਂ-ਕਿੱਥੋਂ ਇਨਸਾਨ ਦੀ ਜੋ ਪਰਾਲਬਧ ਹੈ ਉਹਨੂੰ ਲੈ ਕੇ ਆ ਜਾਂਦੀ ਹੈ। ਸੋ ਇਹ ਵੀ ਕੋਈ ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੋਇਆ ਕਿ ਸਾਨੂੰ ਇਹ ਸੁਭਾਗ ਸਮਾਂ ਮਿਲਿਆ ਹੈ। ਇਹ ਕ੍ਰਿਪਾ ਹੁੰਦੀ ਹੈ, ਜਦੋਂ ਅਸੀਂ ਗੁਰੂ ਚਰਨਾਂ ਨਾਲ ਜੁੜਦੇ ਹਾਂ -

*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*
*ਅੰਗ - ੧੩੩*

ਜਦੋਂ ਅਸੀਂ ਸਾਰੇ ਪਾਸਿਓਂ ਇਥੇ ਆ ਕੇ ਪਹੁੰਚਦੇ ਹਾਂ ਤਾਂ -

*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ - ੬੪੧*

ਗੁਰੂ ਦੁਆਰੇ ਆ ਕੇ ਸੋਝੀ ਮਿਲਦੀ ਹੈ ਕਿ ਅਸੀਂ ਕਿਹੜੇ ਕੰਮ ਆਏ ਹਾਂ। ਨਹੀਂ ਤਾਂ ਸਾਡਾ ਜੀਵਨ ਕਿਹੋ ਜਿਹਾ ਹੈ -

*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥ ਅੰਗ- ੧੩੩*

ਗਾਂ ਬਿਨਾਂ ਦੁੱਧ ਤੋਂ ਕਿਸੇ ਕੰਮ ਨਹੀਂ -

*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥*
*ਅੰਗ - ੧੩੩*

ਪਾਣੀ ਤੋਂ ਬਿਨਾਂ ਬਨਸਪਤੀ ਦੀ ਕੋਈ ਕੀਮਤ ਨਹੀਂ। ਇਸ ਤਰ੍ਹਾਂ ਦੇ ਨਾਲ -

*ਸੂਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥*
*ਪ੍ਰਭ ਸੁਆਮੀ ਕੰਤ ਵਿਹੂਣੀਆ*
*ਮੀਤ ਸਜਣ ਸਭਿ ਜਾਮ ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*
*ਜਿਸ ਕਾ ਨਿਹਚਲ ਧਾਮ ॥* *ਅੰਗ - ੧੩੩*

ਸੋ ਨਾਮ ਦੇ ਵਿਚ ਸ਼ਾਂਤੀ ਹੈ। ਪਿਛਲੇ ਲੇਖ 'ਚ ਆਪਾਂ ਵਿਚਾਰ ਕੀਤੀ ਸੀ ਕਿ ਗੁਰੂ ਤੋਂ ਮੰਤਰ ਲੈ ਕੇ ਉਹਦੀ ਕਮਾਈ ਕੀਤੀ ਜਾਵੇ। ਹੈ ਤਾਂ ਅੰਦਰ ਦਾ ਇਹ ਸਾਰਾ ਰਸਤਾ। ਮਹਾਂਪੁਰਸ਼ਾਂ ਨੇ ਇਥੇ ਸਨਹੋਜ਼ੇ, ਬਾਬਾ ਸਤਨਾਮ ਸਿੰਘ ਜੀ ਦੀ ਡਿਊਟੀ ਲਾਈ ਕਿ ਸਤਿਸੰਗ ਕਰਨਾ ਹੈ। ਉਹ ਕਰਦੇ ਵੀ ਰਹੇ 25 ਸਾਲ। ਹੁਣ ਉਹਨਾਂ ਦਾ ਪਰਿਵਾਰ ਸੇਵਾ ਕਰ ਰਿਹਾ ਹੈ। ਮਹਾਂਪੁਰਸ਼ਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਦੇ ਨਾਲ ਇਸ ਮੰਤਰ ਦਾ ਉਚਾਰਨ ਕਰਨਾ ਹੈ। ਕਿੰਨੇ ਹੀ ਰਸਤੇ ਹਨ, ਪਰ ਕਲਜੁਗ ਦੇ ਵਿਚ –

*ਕਲਿਜੁਗਿ ਨਾਨਕ ਨਾਮੁ ਸੁਖਾਲਾ॥ ਭਾਈ ਗੁਰਦਾਸ ਜੀ*

ਬਹੁਤ ਸੌਖਾ ਰਸਤਾ ਹੈ। ਬੈਖਰੀ ਬਾਣੀ ਤੋਂ ਮਧਮਾ, ਮਧਮਾ ਤੋਂ ਪਸੰਤੀ, ਪਸੰਤੀ ਤੋਂ ਪਰਾ, ਸਵਾਸ ਦੇ ਉਤੇ ਇਹ ਮੰਤਰ ਆ ਜਾਂਦਾ ਹੈ। ਅੰਦਰ ਨੂੰ ਜਾਂਦੇ ਵਾਹਿ... ਬਾਹਰ ਨੂੰ ਆਉਂਦੇ ਗੁਰੂ....। ਬਹੁਤ ਸੌਖਾ ਹੈ। ਜਿੰਨਾਂ ਡੂੰਘਾ ਸਵਾਸ ਹੋਏਗਾ, ਉਨੀਂ ਹੀ ਸ਼ਾਂਤੀ ਵਰਤ ਜਾਂਦੀ ਹੈ। ਇਕਾਂਤ ਦੇ ਵਿਚ ਜਦੋਂ ਬੈਠ ਕੇ ਇਸ ਨੂੰ ਕਰਦੇ ਹਾਂ, ਫੇਰ ਜਾਪ ਤੋਂ ਅਜਪਾ ਜਾਪ ਹੋ ਜਾਂਦਾ ਹੈ। ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਜਦੋਂ ਨਾਭੀ ਤੇ ਜ਼ੋਰ ਦੇ ਕੇ ਸਵਾਸ ਦੀ ਮਦਦ ਦੇ ਨਾਲ ਸੁਰਤਿ ਨੂੰ ਉੱਚਾ ਚੁਕਿਆ ਜਾਂਦਾ ਹੈ, ਇਹ ਸ਼ਬਦ ਨਾਲ ਜੁੜ ਜਾਂਦੀ ਹੈ। ਸ਼ਬਦ ਹੈ ਧੁਨ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ – ੮੭੯*

ਇਹ ਜਿਹੜਾ ਧਿਆਨ ਹੈ ਇਹ ਫੇਰ ਆਗਿਆ ਚੱਕਰ ਤੋਂ ਸ਼ੁਰੂ ਹੁੰਦਾ ਹੈ, ਜਿਥੇ ਨੱਕ, ਅੱਖ ਦੀ ਜੜ੍ਹ ਹੈ। ਇਥੇ ਫੇਰ –

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ- ੮੬੪*

ਅਵਸਥਾਵਾਂ ਹਨ। ਇਹ ਕਰਦੇ-ਕਰਦੇ ਫੇਰ ਸਹੰਸਰਾਰ ਦਲ ਕਮਲ 'ਚੋਂ ਧਿਆਤਾ ਧਿਆਨ ਤੇ ਧੇਅ ਦੀ ਤ੍ਰਿਕੁਟੀ ਟੁੱਟ ਕੇ–

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ – ੧੮੬*

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ – ੯੪੧*

ਫੇਰ ਸਾਰੇ ਪਾਸੇ ਕਾਇਨਾਤ ਬਾਰੇ ਹੈ –

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥ ਅੰਗ – ੪੬੯*

ਇਸ ਤੋਂ ਬਾਅਦ ਸਾਰੇ ਪਾਸੇ ਹੀ ਨਾਮ ਦੀ ਧੁਨ ਸੁਣਾਈ ਦਿੰਦੀ ਹੈ। ਸੋ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ- ੨੯੫*

ਅੱਜ ਸੰਗਰਾਂਦ ਵੀ ਹੈ –

*ਸੂਰਜੁ ਏਕੋ ਰੁਤਿ ਅਨੇਕ ॥*
*ਨਾਨਕ ਕਰਤੇ ਕੇ ਕੇਤੇ ਵੇਸ ॥ ਅੰਗ- ੧੩*

ਸੂਰਜ ਜਦੋਂ ਚਲਦਾ ਹੈ, ਸਾਰੇ ਆਪਣੇ ਪਰਿਵਾਰ ਨੂੰ ਲੈ ਕੇ, ਉਸ ਸਮੇਂ ਘਰ ਬਦਲਦਾ ਹੈ। 12 ਰਾਸ਼ੀਆਂ ਹਨ ਤੇ 9 ਗ੍ਰਹਿ ਹਨ। ਜੇ 9 ਨੂੰ 12 ਨਾਲ ਗੁਣਾਂ ਕਰੋ ਤਾਂ 108 ਹੋ ਜਾਂਦੇ ਨੇ। 108 ਮਣਕਿਆਂ ਦੀ ਮਾਲਾ ਫੇਰਦੇ ਹਾਂ। ਫੇਰ ਇਹ ਗ੍ਰਹਿ ਚਾਲ ਦਾ ਕੋਈ ਅਸਰ ਨਹੀਂ ਰਹਿੰਦਾ, ਕਿਉਂਕਿ ਇਹ ਸ਼ਗਨ-ਅਪਸ਼ਗਨ ਉਹਨਾਂ ਨੂੰ ਲਗਦੇ ਨੇ, ਜਿਹੜੇ ਨਾਮ ਨੂੰ ਭੁੱਲ ਜਾਂਦੇ ਹਨ। ਜਦੋਂ ਅਸੀਂ ਇਸ ਤਰ੍ਹਾਂ ਯਾਦ ਕਰਦੇ ਹਾਂ, ਇਹਦੇ ਨਾਲ ਕੀ ਹੁੰਦਾ ਹੈ? ਅਨੰਦ ਵਰਤ ਜਾਂਦਾ ਹੈ –

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥*
*ਅੰਗ- ੧੩੩*

ਗੋਬਿੰਦ ਦੀ ਅਰਾਧਨਾ ਕਰਨ ਦੇ ਨਾਲ, 'ਨਾਮ' ਜਪਣ ਦੇ ਨਾਲ, ਅਨੰਦ ਵਰਤ ਜਾਂਦਾ ਹੈ, ਖੁਸ਼ੀ ਵਰਤ ਜਾਂਦੀ ਹੈ –

*ਨਾਨਕ ਭਗਤਾ ਸਦਾ ਵਿਗਾਸੁ ॥ ਅੰਗ- ੨*

*ਸਤਿ ਸੁਹਾਣੁ ਸਦਾ ਮਨਿ ਚਾਉ ॥ ਅੰਗ – ੪*

ਖੁਸ਼ੀਆਂ ਹੀ ਖੁਸ਼ੀਆਂ ਹਨ –

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ – ੪੪*

'ਨਿਮਖ' ਕਿੰਨਾਂ ਕੁ ਸਮਾਂ, ਅੱਖ ਦਾ ਝਲਕਾਰਾ, ਜਿਵੇਂ ਅੱਖ ਝਮਕਦੀ ਹੈ, ਐਨਾ ਕੁ ਸਮਾਂ। ਐਨਾ ਕੁ ਵੀ ਝਲਕਾਰਾ ਵੱਜ ਗਿਆ। ਕਿੰਨੀ ਸ਼ਾਂਤੀ ਵਰਤ ਜਾਂਦੀ ਹੈ –

*ਆਨੰਦੁ ਆਨੰਦੁ ਸਭੁ ਕੋ ਕਹੈ*
*ਆਨੰਦੁ ਗੁਰੂ ਤੇ ਜਾਣਿਆ ॥ ਅੰਗ- ੯੧੭*

ਜਦੋਂ ਅਸੀਂ ਰਸਨਾ ਨਾਲ ਨਾਮ ਜਪਦੇ ਹਾਂ। ਰਸਨਾ ਰਸ ਨਾਲ ਭਰ ਜਾਂਦੀ ਹੈ –

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥*
*ਅੰਗ – ੮੧੧*

ਇਹ ਜਿਹੜੀ ਰਸਨਾ ਹੈ ਇਹ ਜੂਠੀ ਕਿਉਂ ਹੈ ਕਿਉਂਕਿ ਇਹਦੇ ਨਾਲ ਜਦੋਂ ਅਸੀਂ ਵਾਹਿਗੁਰੂ ਮੰਤਰ ਦਾ ਜਾਪ ਨਹੀਂ ਕਰਦੇ, ਨਾਮ ਨਹੀਂ ਜਪਦੇ, ਪਰਾਈ

ਨਿੰਦਿਆ ਕਰਦੇ ਹਾਂ, ਝੂਠ ਬੋਲਦੇ ਹਾਂ, ਫੇਰ ਰਸ ਨਹੀਂ ਆਉਂਦਾ -

*ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ*
*ਨਾਮੁ ਮਹਾ ਰਸੁ ਪੀਓ ॥* ਅੰਗ - ੮੦੨

ਇਹ ਸਾਰੇ ਵਿਸ਼ਿਆਂ ਦੇ ਰਸ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥* ਅੰਗ - ੧੮੨

ਇਹ ਸਾਰੇ ਦਰਵਾਜ਼ੇ, ਸਰੀਰ ਦੇ, ਬਾਹਰ ਨੂੰ ਖੁਲ੍ਹਦੇ ਨੇ ਅਤੇ ਸੁਰਤਿ ਇਹਨਾਂ ਦਰਵਾਜ਼ਿਆਂ ਦੇ ਰਾਹੀਂ ਬਾਹਰ ਨੂੰ ਉਡਾਰੀ ਮਾਰਦੀ ਹੈ -

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ ॥* ਅੰਗ- ੩੩੯

ਪਰ ਜਿਨ੍ਹਾਂ ਨੇ ਪ੍ਰਾਪਤੀ ਕਰ ਲਈ, ਨੌਂ ਦਰਵਾਜ਼ੇ ਠਾਕ ਲਏ, ਮੰਤਰ ਬਲ ਦੇ ਨਾਲ। ਨੌਂ ਦਵਾਰੇ ਸਾਧ ਲਏ, ਬਿਰਤੀ ਅੰਤਰਮੁਖ ਹੋਈ। ਸੁਰਤਿ ਸਬਦਿ ਨਾਲ ਜੁੜੀ, ਕਿੰਨਾ ਅਨੰਦ ਵਰਤਦਾ ਹੈ। ਉਹਨਾਂ ਦਾ ਆਇਆ ਸਫਲ ਗਿਣਿਆ ਜਾਂਦਾ ਹੈ - ***'ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥'***

*ਆਇਆ ਸਫਲ ਤਾਹੂ ਕੋ ਗਨੀਐ ॥* ਅੰਗ- ੨੫੨

ਉਹ ਕੌਣ ਹਨ ਜਿਹੜੇ ਇਸ ਤਰ੍ਹਾਂ ਦੇ ਨਾਲ, ਨਾਮ ਸਥਿਤ ਹੋ ਗਏ -

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ*
*ਸਫਲ ਤਿਨਾ ਕੇ ਕਾਮਾ ॥* ਅੰਗ - ੭੪੯

ਉਹਨਾਂ ਦਾ ਆਉਣਾ ਕਿਸੇ ਗਿਣਤੀ ਵਿਚ ਹੈ। ਉਹ ਪਰਵਾਨ ਹਨ ਜਿਹਨਾਂ ਨੇ ਇਸ ਸਰੀਰ ਰੂਪੀ ਘਰ ਦੇ ਵਿਚ, ਨਾਮ 'ਚ ਨਿਵਾਸ ਕੀਤਾ -

*ਸੋ ਦਰੁ ਕੇਹਾ ਸੋ ਘਰੁ ਕੇਹਾ*
*ਜਿਤੁ ਬਹਿ ਸਰਬ ਸਮਾਲੇ ॥* ਅੰਗ- ੬

ਉਸ ਤੋਂ ਬਿਨਾਂ ਤਾਂ ਥੋੜ੍ਹਾ ਜਿਹਾ ਸਮਾਂ ਵੀ ਜੇ ਵਿਸਰ ਜਾਂਦਾ ਹੈ - ***'ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ '*** ਅੱਖ ਦਾ ਝਮਕਣ ਜਿੰਨਾਂ ਸਮਾਂ ਵੀ ਜੇ ਉਹ ਭੁੱਲ ਜਾਂਦਾ ਹੈ ਤਾਂ ਫੇਰ ਹੋਰ ਪਾਸੇ ਭਟਕ ਜਾਂਦਾ ਹੈ, ਜਨਮ ਬਿਰਥਾ ਜਾਂਦਾ ਹੈ। ਜਿਵੇਂ ਮੱਛੀ, ਪਾਣੀ ਤੋਂ ਬਗੈਰ ਨਹੀਂ ਬਚਦੀ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥* ਅੰਗ- ੭੦੮

ਜਲ ਤੇ ਥਲ, ਧਰਤ ਤੇ ਆਕਾਸ਼ ਇਹ ਸਾਰਿਆਂ ਦੇ ਵਿਚਕਾਰ ਉਹ ਰਮਿਆ ਹੈ। ਕੋਈ ਐਸੀ ਜਗ੍ਹਾ ਨਹੀਂ ਜਿਥੇ ਉਹ ਨਹੀਂ ਹੈ। ਜੇ ਉਹ ਵਿਸਰ ਜਾਂਦਾ ਹੈ ਤਾਂ ਦੁਖ ਹੀ ਦੁਖ ਹੈ -

*ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥*
ਅੰਗ - ੭੬੨

ਜਦੋਂ ਅਸੀਂ ਇਥੇ ਪਹੁੰਚਦੇ ਹਾਂ ਤਾਂ ਕਾਦਰ ਦੀ ਸਾਰੀ ਕੁਦਰਤ, ਜੋ ਦਿਸ ਰਹੀ ਹੈ -

*ਕੁਦਰਤਿ ਦਿਸੈ ਕੁਦਰਤਿ ਸੁਣੀਐ*
*ਕੁਦਰਤਿ ਭਉ ਸੁਖ ਸਾਰੁ ॥*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥*
*ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥*
*ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥*
*ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ*
*ਕੁਦਰਤਿ ਮਾਨੁ ਅਭਿਮਾਨੁ ॥*
*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ*
*ਪਾਕੀ ਨਾਈ ਪਾਕੁ ॥*
*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥*
ਅੰਗ - ੪੬੪

ਇਹ ਉਸ ਦਾਤੇ ਨੇ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
ਅੰਗ- ੫੩੭

ਸਾਰਿਆਂ ਦੇ ਵਿਚ ਉਹ ਰਮਿਆ ਹੈ। ਉਹਨੂੰ ਭੁੱਲ ਕੇ ਤਾਂ ਦੁਖ ਹੀ ਦੁਖ ਨੇ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
ਅੰਗ- ੧੩੫

ਜਿਹੜਾ ਬਾਰਹ ਮਾਹ ਦਾ ਪਾਠ ਹੈ ਇਹਦੇ ਵਿਚ ਬਾਰ-ਬਾਰ ਸਾਨੂੰ ਜਿਥੇ ਵਿਛੋੜੇ ਦਾ ਦਰਦ ਦਸਿਆ ਹੈ -

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
ਅੰਗ- ੧੧੦੦

ਉਥੇ ਸਾਨੂੰ ਇਹ ਵੀ ਦਸਿਆ ਹੈ ਕਿ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥* ਅੰਗ- ੧੩੭੯

ਇਹ ਜਿਹੜੀ ਮਾਇਆ ਹੈ, ਮਾਇਆ ਨਾਮ ਭੁੱਲ ਦਾ ਹੈ -

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥ ਅੰਗ- ੯੨੧*

ਇਸ ਤੋਂ ਛੁਟਕਾਰਾ ਨਹੀਂ ਹੁੰਦਾ, ਜਦੋਂ ਤਕ ਸਾਡੇ ਅੰਦਰ ਪਿਆਰ ਜਾਂ ਵੈਰਾਗ ਨਹੀਂ ਆਉਂਦਾ-

*ਨਾ ਮੈ ਜੋਗ ਧਿਆਨ ਚਿਤੁ ਲਾਇਆ ॥*
*ਬਿਨੁ ਬੈਰਾਗ ਨ ਛੂਟਸਿ ਮਾਇਆ ॥ ਅੰਗ- ੩੨੯*

ਸੋ ਇਹ ਸਾਰੀ ਬਾਣੀ ਹੀ ਯਾਦ ਕਰਵਾਉਂਦੀ ਹੈ, ਜਿਥੋਂ ਵੀ ਵਿਚਾਰ ਲਓ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ- ੭੯੭*

ਨਾਮ ਨਾਲ ਜੋੜਦੀ ਹੈ, ਦਿਸ਼ਾ ਦਸ ਰਹੀ ਹੈ ਕਿ ਸਾਰਿਆਂ ਦੇ ਵਿਚ ਓਹੀ ਹੈ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ- ੧੪੨੦*

ਜਦੋਂ 'ਮੈਂ' ਨੂੰ 'ਤੂੰ' ਵਿਚ ਬਦਲ ਲਿਆ, ਫੇਰ-

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਮਨੋਨਾਸ਼, ਵਾਸ਼ਨਾ ਖੈ੍, ਤਤ੍ਵ ਗਿਆਨ ਹੋ ਜਾਂਦਾ ਹੈ। ਇਸ ਤਰ੍ਹਾਂ ਕਰਦੇ-ਕਰਦੇ ਉਹ ਜਿਹੜਾ ਸਾਰੇ ਰਮਿਆ ਹੈ, ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਆ ਗਈ -

*ਹਉਮੈ ਬੂਝੈ ਤਾ ਦਰੁ ਸੂਝੈ ॥ ਅੰਗ - ੪੬੬*

ਉਸ ਦਰਵਾਜ਼ੇ ਦਾ ਪਤਾ ਲਗ ਗਿਆ ਕਿਉਂਕਿ ਜਿਹੜਾ ਉਥੇ ਤਕ ਪਹੁੰਚਣਾ ਹੈ -

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ ॥ ਅੰਗ - ੮੭੭*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਇਹ ਜਿਹੜੇ ਦਰਵਾਜ਼ੇ ਹਨ, ਇਹ ਜਿਹੜੇ ਬਜਰ ਕਪਾਟ ਹਨ, ਇਹ ਗੁਰਮੰਤ੍ਰ ਦੀ ਚਾਬੀ ਨਾਲ ਖੁਲ੍ਹ ਜਾਂਦੇ ਨੇ। ਕਰਦੇ-ਕਰਦੇ ਫੇਰ ਉਹ ਸਾਰੇ ਪਾਸੇ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਓਹੀ ਨਜ਼ਰ ਆਉਂਦਾ ਹੈ। ਇਹ ਸਤਿਸੰਗ ਦੀ ਨਿਸ਼ਾਨੀ ਹੁੰਦੀ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - ੧੨੯੯*

ਰਾਗ-ਦ੍ਵੈਸ਼, attachment ਤੋਂ detach ਹੋਣਾ, ਇਸ ਤੋਂ ਉਪਰ ਹੈ ਬੀਤ ਰਾਗ ਅਵਸਥਾ, ਉਹ ਪ੍ਰਾਪਤ ਹੋ ਜਾਂਦੀ ਹੈ। ਕਹਿੰਦੇ ਉਹਨਾਂ ਦੇ ਭਾਗ ਬਹੁਤ ਵੱਡੇ ਨੇ -

*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ਅੰਗ- ੧੩੩*

ਉਹਨਾਂ ਦੇ ਭਾਗ ਕਿੰਨੇ ਹੀ ਚੰਗੇ ਹਨ। ਸੋ ਇਹ ਇਕ ਪਿਆਸ ਹੁੰਦੀ ਹੈ -

*ਹਰਿ ਦਰਸਨ ਕੰਉ ਮਨੁ ਲੋਚਦਾ*
*ਨਾਨਕ ਪਿਆਸ ਮਨਾ ॥ ਅੰਗ- ੧੩੩*

ਫੇਰ ਇਥੇ ਮਨ ਦੀ ਗੱਲ ਹੋਈ, ਮਨ ਦੇ ਵਿਚ ਪਿਆਸ ਹੈ। ਮਨ ਦਾ ਸੁਭਾਅ ਹੈ, ਮਨ ਵਰਗਾ ਜੇ ਦੇਖੀਏ ਕੋਈ ਮਿੱਤਰ ਵੀ ਨਹੀਂ, ਮਨ ਵਰਗਾ ਕੋਈ ਦੁਸ਼ਮਣ ਵੀ ਨਹੀਂ। ਇਹਨੂੰ ਜੋਗੀ ਭਰਥਰੀ ਨੇ ਕਿਹਾ ਕਿ - ***'ਮਨ ਰਿਪੁ ਜੀਤੇ, ਸਭ ਜਗ ਜੀਤੇ।'*** ਜੇ ਮਨ ਦੁਸ਼ਮਣ ਨਹੀਂ ਜਿਤ ਹੋਇਆ ਤਾਂ ਸਾਰੇ ਹੀ ਦੁਸ਼ਮਣ ਜਿਉਂਦੇ ਨੇ। ਪਾਤਸ਼ਾਹ ਜੀ ਨੇ ਫੁਰਮਾਨ ਕੀਤਾ -

*........ਮਨਿ ਜੀਤੈ ਜਗੁ ਜੀਤੁ ॥ ਅੰਗ - ੬*

ਜੇ ਇਹ ਜਿਉਂਦਾ ਹੈ, 'ਮਨ ਰਿਪੁ ਜੀਤੈ ਸਭ ਜਗੁ ਜੀਤੈ।' ਇਸ ਵਰਗਾ ਫੇਰ ਮਿੱਤਰ ਵੀ ਕੋਈ ਨਹੀਂ। ਇਹ ਮਨ ਹੀ ਹੈ ਜਿਹੜਾ ਸਾਨੂੰ ਇਥੇ ਲੈ ਕੇ ਆਇਆ ਕਿ ਚਲੋ ਅੱਜ ਗੁਰੂ ਚਰਨਾਂ ਦੇ ਵਿਚ ਬੈਠ ਕੇ ਸਤਿਸੰਗ ਦਾ ਅਨੰਦ ਮਾਣੀਏ -

*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*
*ਅੰਗ - ੧੩੭੦*

*ਏਕ ਚਿਤ ਜਿਹ ਇਕ ਛਿਨ ਧਿਆਇਓ।*
*ਕਾਲ ਫਾਸ ਕੇ ਬੀਚ ਨ ਆਇਓ।*
*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ ॥ ਅੰਗ - ੯੬*

ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਸੋ ਮਨ ਨੂੰ ਕੰਟਰੋਲ ਕਰਨ ਵਾਸਤੇ, ਸਵਾਸ ਨੂੰ ਕੰਟਰੋਲ ਕੀਤਾ ਜਾਂਦਾ ਹੈ। ਸਵਾਸ ਦੇ ਉਤੇ ਜਦ ਆ ਗਿਆ ਫੇਰ ਸਾਰੇ ਹੀ ਦੁਖ ਦੂਰ ਹੋ ਜਾਂਦੇ ਨੇ। ਜਦੋਂ ਸਿੱਧਾਂ ਨੇ

ਗੁਰੂ ਬਾਬਾ ਜੀ ਨੂੰ ਸਵਾਲ ਕੀਤਾ ਕਿ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ- ੯੪੬*

ਤਾਂ ਪਾਤਸ਼ਾਹ ਜੀ ਨੇ ਕਿਹਾ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ- ੯੪੬*

'ਨਾਮ' ਨੂੰ ਭੁੱਲ ਕੇ ਦੁਖੀ ਹੁੰਦੇ ਹਾਂ। ਭਾਵੇਂ ਕਿ ਸਾਡੇ ਕੋਲ ਬਹੁਤ ਸੁਖ, ਆਰਾਮ ਹਨ –

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਅੰਗ - ੭੦੭*

ਕਿੰਨੇ-ਕਿੰਨੇ ਸੋਹਣੇ ਮਕਾਨ ਵੀ ਹੋਣ, ਹੀਰਿਆਂ ਨਾਲ ਜੜ੍ਹੇ –

*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਜੇ ਨਹੀਂ ਇਹਨੂੰ ਸ਼ਾਂਤੀ ਮਿਲਦੀ ਫੇਰ ਤਾਂ ਵਿਸ਼ਟਾ ਦੇ ਕੀੜੇ ਵਰਗਾ ਹੈ। ਮਨ ਨੂੰ ਸ਼ਾਂਤੀ ਤਾਂ ਨਾਮ ਜਪ ਕੇ ਹੀ ਮਿਲਣੀ ਹੈ, ਕਿਉਂਕਿ ਮਨ ਨੂੰ ਮਾਰਨ ਦਾ ਤਾਂ ਇਕੋ ਹੀ ਮੰਤਰ ਹੈ – 'ਵਾਹਿਗੁਰੂ ਗੁਰਮੰਤ੍ਰ ਹੈ' ਇਹਨੂੰ ਜਪ ਕੇ ਸਾਰੇ ਦੁਖ, ਸਾਰੇ ਰੋਗ ਦੂਰ ਹੋ ਜਾਂਦੇ ਨੇ। ਹੁਣ ਸਿੱਧ ਕਹਿਣ ਲੱਗੇ, ਇਸ ਤਰ੍ਹਾਂ ਤੁਸੀਂ ਦੁਨੀਆਂ ਨੂੰ ਕਿਵੇਂ ਪਾਰ ਲਾ ਸਕੋਂਗੇ –

*ਦੁਨੀਆ ਸਾਗਰੁ ਦੁਤਰੁ ਕਹੀਐ*
*ਕਿਉ ਕਰਿ ਪਾਈਐ ਪਾਰੋ ॥ ਅੰਗ - ੯੩੮*

ਇਹ ਕਿਵੇਂ ਪਾਰ ਲੱਗਣਗੇ, ਇਹਨਾਂ ਨੂੰ ਤਾਂ ਕਿੰਨੇ ਝਮੇਲੇ ਨੇ, ਇਹਨਾਂ ਦੀ ਜ਼ਿੰਦਗੀ ਕਿੰਨੀ busy ਹੈ।

ਪਾਤਸ਼ਾਹ ਕਹਿੰਦੇ, ਫੇਰ ਗੁਰਮੁਖਾਂ ਦੀ ਸੰਗਤ ਪਾਰ ਲਾਊ। ਜਦੋਂ ਸੰਗਤ 'ਚ ਜਾਣਗੇ, ਗੁਰੂ ਦਰਬਾਰ 'ਚ, ਬਾਣੀ ਨੂੰ ਵਿਚਾਰਨਗੇ, ਅੰਦਰ ਦੀ ਖੋਜ ਕਰਨਗੇ–

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩*

ਫੇਰ ਇਹੀ ਨਾਮ ਕਿੰਨਾ ਮਿੱਠਾ ਲੱਗੂ –

*ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਅੰਗ - ੨੮੯*

ਉਹਨਾਂ ਦੀ ਧੂੜ ਮੰਗਦੇ ਹਾਂ। ਪਾਤਸ਼ਾਹ ਜੀ ਕਹਿ ਰਹੇ ਨੇ ਕਿ ਜਿਹੜੇ ਆਪ ਜਪਦੇ ਨੇ ਅਤੇ ਹੋਰਾਂ ਨੂੰ ਨਾਮ ਜਪਾਉਂਦੇ ਨੇ, ਇਹ ਜੁਗਤੀਆਂ ਹਨ। ਸਾਰੇ ਅੱਜ ਅਸੀਂ ਦੇਖ ਰਹੇ ਹਾਂ –

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥*
*ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥*
*ਅੰਗ- ੧੩੮੨*

ਸੰਸਾਰ ਦੁਖੀ ਹੈ, ਸੰਸਾਰ ਰੋਗੀ ਹੈ –

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*
*ਅੰਗ- ੬੮੭*

ਪ੍ਰਮੇਸ਼ਰ ਦਾ ਜੋ ਨਾਮ ਹੈ –

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

ਸਭ ਦੇ ਅੰਦਰ ਹੈ –

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ- ੨੮੪*

*ਹਰਿ ਅਉਖਧੁ ਸਭ ਘਟ ਹੈ ਭਾਈ ॥ ਅੰਗ - ੨੫੯*

ਕੋਈ ਹੈ, ਜਿਹਦੇ ਕੋਲ ਨਹੀਂ? –

*ਭਿਖਾ ਭੁਖਾ ਕੋ ਨਹੀ ਸਭ ਕੀ ਗਠੜੀ ਲਾਲ।*
*ਗਠੜੀ ਖੋਲ ਨ ਜਾਨਿਆ ਤਾਂ ਤੇ ਭਏ ਕੰਗਾਲ।*

ਅਸੀਂ ਆਤਮ ਸ਼ਹਿਜ਼ਾਦੇ ਹਾਂ। ਪਰ ਅਸੀਂ ਫੇਰ ਕਿਉਂ ਦੁਖੀ ਹਾਂ ਕਿਉਂਕਿ ਉਹਨੂੰ ਯਾਦ ਨਹੀਂ ਕਰਦੇ–

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥*
*ਕੀਨੇ ਰਾਮ ਨਾਮ ਇਕ ਆਖ੍ਯਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ਅੰਗ- ੨੬੨*

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥ ਅੰਗ- ੨੬੬*

ਸੋ ਕਹਿੰਦੇ, ਐਸੀ ਸੰਗਤ ਇਹਨਾਂ ਨੂੰ ਪਾਰ ਲਾਵੇਗੀ –

*.....ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ- ੯੪*

ਗੁਰੂ ਵੀਹ ਵਿਸਵੇ ਹੈ, ਸੰਗਤ ਇਕ ਵਿਸਵਾ ਹੈ। ਗੁਰ-ਸੰਗਤ 21 ਵਿਸਵੇ ਮੰਨੀ ਜਾਂਦੀ ਹੈ। ਸੰਗਤ ਦੇ ਵਿਚ ਉਹ ਪ੍ਰਮੇਸ਼ਰ ਨਿਵਾਸ ਰਖਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਸਭ ਕਿਵੇਂ ਕਰਨਾ ਹੈ, ਇਹਦੀ ਵਿਚਾਰ ਆਪਾਂ ਸ਼ੁਰੂ ਕੀਤੀ ਹੈ। ਅਗਲੀ ਵਾਰ ਅੱਗੇ ਵਿਚਾਰ ਹੋਏਗੀ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-51)*

### 11. ਚੰਡੀਗੜ੍ਹ ਸਿਵਲ ਸੈਕਟਰੀਏਟ ਵਿਚ

ਇਸ ਤਰ੍ਹਾਂ ਨਾਲ ਇਥੇ ਆਉਣ ਤੋਂ ਪਹਿਲਾਂ ਆਪ ਜੀ ਨੇ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦੀ ਆਗਿਆ ਪ੍ਰਾਪਤ ਕਰ ਲਈ ਸੀ। ਉਨ੍ਹਾਂ ਨੇ ਬਚਨ ਕੀਤਾ ਸੀ ਕਿ ਇਹ ਪੰਜਾਬ ਦੀ ਰਾਜਧਾਨੀ ਲਈ ਨਵਾਂ ਸ਼ਹਿਰ ਉਸਰ ਰਿਹਾ ਹੈ ਤੇ ਤੁਹਾਨੂੰ ਰਹਿਣ ਸਹਿਣ ਤੇ ਬੱਚਿਆਂ ਦੀ ਪੜ੍ਹਾਈ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਹੋ ਜਾਣਗੀਆਂ। ਜਦੋਂ ਇਥੇ ਆਏ ਤਾਂ ਬੱਚੇ ਹਾਲੇ ਛੋਟੀਆਂ ਕਲਾਸਾਂ ਵਿਚ ਪੜ੍ਹਦੇ ਸੀ। ਜਦੋਂ ਸਕੂਲ ਤੋਂ ਆਉਣਾ ਤਾਂ ਬੀਜੀ ਨੇ ਬੱਚਿਆਂ ਨੂੰ ਕਹਿਣਾ ਕਿ ਆਪਣੇ ਪਿਤਾ ਜੀ ਪਾਸੋਂ ਸਕੂਲ ਦੇ ਕੰਮ ਬਾਰੇ ਪੁੱਛ ਲਵੋ ਤੇ ਕੋਲ ਬੈਠ ਕੇ ਸਕੂਲ ਦਾ ਕੰਮ ਕਰੋ, ਜੋ ਘਰ ਕਰਨ ਵਾਸਤੇ ਮਿਲਿਆ ਹੈ। ਬੱਚਿਆਂ ਨੇ ਆ ਕੇ ਕੋਲ ਬੈਠ ਜਾਣਾ ਤੇ ਜੋ ਪ੍ਰਸ਼ਨ ਪੁੱਛਦੇ ਉਸ ਦਾ ਉਤਰ ਲਿਖ ਲੈਂਦੇ ਸੀ। ਸਵਾਲਾਂ ਦੇ ਉਤਰ ਦੇਣ ਉਪਰੰਤ ਉਹ ਲਿਖ ਲੈਂਦੇ ਤੇ ਯਾਦ ਕਰਨ ਲਗ ਜਾਂਦੇ, ਇੰਨੇ ਨੂੰ ਮਹਾਂਪੁਰਸ਼ ਸਮਾਧੀ ਸਥਿਤ ਹੋ ਕੇ ਬਹਿ ਜਾਂਦੇ ਤੇ ਬੱਚੇ ਇਕ-ਇਕ ਕਰਕੇ ਇਧਰ ਉਧਰ ਚਲੇ ਜਾਂਦੇ ਕਿ ਪਿਤਾ ਜੀ ਤਾਂ ਹੁਣ ਸਮਾਧੀ ਸਥਿਤ ਹੋ ਗਏ ਹਨ। ਬੀਜੀ ਜੀ ਨੇ ਆ ਕੇ ਦੇਖਣਾ ਕਿ ਬੱਚਿਆਂ ਦੀਆਂ ਕਿਤਾਬਾਂ, ਬਸਤੇ ਪਏ ਹਨ, ਪਰ ਆਪ ਨਹੀਂ ਹਨ। ਦੇਖਣਾ ਕਿ 'ਬਾਬਾ ਜੀ' ਤਾਂ ਸਮਾਧੀ ਵਿਚ ਬੈਠੇ ਹਨ, ਚੁਪ-ਚਾਪ ਮੁੜ ਜਾਂਦੇ ਅਤੇ ਬੀਜੀ ਕਦੀ ਵੀ ਉਨ੍ਹਾਂ ਦੀ ਭਗਤੀ ਵਿਚ ਵਿਘਨ ਨਹੀਂ ਪਾਉਂਦੇ ਸਨ। ਜਦੋਂ ਨੇਤਰ ਖੋਲ੍ਹਦੇ ਤਾਂ ਬੀਜੀ ਕਹਿ ਦਿੰਦੇ ਕਿ ਜਦ ਤੁਸੀਂ ਅੱਖਾਂ ਮੀਟ ਕੇ ਬਹਿ ਜਾਂਦੇ ਹੋ ਤਾ ਬੱਚੇ ਚਲੇ ਜਾਂਦੇ ਹਨ, ਪੜ੍ਹਾਈ ਕਿਵੇਂ ਹੋਵੇਗੀ? ਬਾਬਾ ਜੀ ਨੇ ਹੱਸ ਕੇ ਇਤਨਾ ਹੀ ਕਹਿਣਾ ਕਿ ਮੈਂ ਉਨ੍ਹਾਂ ਨੂੰ ਸਭ ਕੁਝ ਦੱਸ ਦਿਤਾ ਸੀ। ਇਹ ਬਚਨ ਬਾਬਾ ਜੀ ਖੁਦ ਦੱਸਿਆ ਕਰਦੇ ਸਨ ਕਿ ਬੱਚੇ ਭਾਵੇਂ ਘਰ ਵਿਚ ਕਿੰਨਾਂ ਵੀ ਰੌਲਾ-ਗੌਲਾ ਕਰਦੇ, ਮੈਂ ਕਦੀ ਵੀ ਉਨ੍ਹਾਂ ਝਿੜਕਿਆ ਨਹੀਂ ਕਿ ਰੌਲਾ ਕਿਉਂ ਪਾਉਂਦੇ ਹੋ। ਮੇਰੀ ਸਮਾਧੀ ਐਨੀ ਡੂੰਘੀ ਹੁੰਦੀ ਸੀ ਕਿ ਲਗਾਤਾਰ ਅੰਦਰਲੀ ਸ਼ਬਦ-ਧੁਨ ਸੁਣਨ ਕਰਕੇ ਬਾਹਰਲੇ ਕੰਨਾਂ ਦੀ ਆਵਾਜ਼ ਨਾਲ ਕਦੀ ਵੀ ਭੰਗ ਨਹੀਂ ਸੀ ਹੁੰਦੀ। ਕੁਦਰਤੀ ਤੌਰ 'ਤੇ ਬੱਚੇ ਪੜ੍ਹਨ ਵਿਚ ਲਾਇਕ ਸਨ ਤੇ ਕੇਵਲ ਥੋੜ੍ਹੀ ਜਿਹੀ ਤਨਖਾਹ ਤੇ ਹੀ ਟੱਬਰ ਦਾ ਗੁਜ਼ਾਰਾ ਚਲਦਾ ਸੀ।

ਬੀਜੀ ਆਪ ਵੀ ਦੱਸਿਆ ਕਰਦੇ ਸਨ ਕਿ ਪਿੰਡ ਦੀ ਜ਼ਮੀਨ ਵਿਚੋਂ ਵੀ ਕਦੀ ਕੋਈ ਵਟਤ ਜਾਂ ਮਦਦ ਨਹੀਂ ਸੀ ਆਉਂਦੀ, ਨਾ ਹੀ ਕਦੀ ਕੋਈ ਆਮਦਨ ਦਾ ਹਿੱਸਾ ਪ੍ਰਾਪਤ ਹੋਇਆ ਸੀ ਤੇ ਨਾ ਹੀ ਅਸੀਂ ਕਦੇ ਮੰਗਿਆ ਸੀ। ਬੱਚੇ ਸਮਝਦਾਰ ਸਨ, ਉਨ੍ਹਾਂ ਨੇ ਕਦੇ ਕੋਈ ਮੰਗ ਨਹੀਂ ਰੱਖੀ ਕਿ ਸਾਨੂੰ ਕੱਪੜੇ ਲੈ ਕੇ ਦਿਓ, ਅਮੀਰ ਬੱਚਿਆਂ ਦੀ ਰੀਸ ਨਹੀਂ ਸਨ ਕਰਦੇ, ਸਿੱਧੇ-ਸਾਦੇ ਕੱਪੜਿਆਂ ਨਾਲ ਸਕੂਲ ਚਲੇ ਜਾਂਦੇ ਸੀ। ਇਸੇ ਤਰ੍ਹਾਂ ਨਾਲ ਬੀਜੀ ਵੀ ਸਾਧਾਰਨ ਸਾਦਾ ਜੀਵਨ ਬਤੀਤ ਕਰਦੇ ਤੇ ਕਦੀ ਵੀ ਕੋਈ ਆਪਣੀ ਮੰਗ ਨਹੀਂ ਸਨ ਰੱਖਦੇ। ਬੜੇ ਸੁਚੱਜੇ ਢੰਗ ਨਾਲ ਗ੍ਰਿਹਸਤ ਜੀਵਨ ਦੀਆ ਲੋੜਾਂ ਨੂੰ ਸੀਮਿਤ ਰੱਖ ਕੇ, ਨਾਮ ਤੇ ਗੁਰਬਾਣੀ ਦੇ ਪਿਆਰ ਵਿਚ ਰੰਗੇ ਰਹਿੰਦੇ ਸੀ।

ਇਸੇ ਤਰ੍ਹਾਂ ਨਾਲ ਬਾਬਾ ਜੀ ਨੇ ਸਰਵਿਸ ਦੇ ਨਾਲ-ਨਾਲ ਸਤਿਸੰਗ ਮੰਡਲ ਵੀ ਕਾਇਮ ਕੀਤਾ ਹੋਇਆ ਸੀ ਜਿਸ ਵਿਚ ਸਾਰੇ ਮਤਾਂ ਦੇ ਪ੍ਰੇਮੀ ਜੁੜਦੇ ਸਨ। ਦੁਪਹਿਰ ਨੂੰ ਅੱਧੀ ਛੁਟੀ ਵੇਲੇ ਸਾਰੇ ਦਫਤਰ ਦੇ ਮੁਲਾਜ਼ਮ ਇਕੱਠੇ ਹੋ ਕੇ ਪ੍ਰਵਚਨ ਸੁਣਦੇ ਸਨ। ਨਾਮ ਤੇ ਭਗਤੀ ਸਬੰਧੀ ਪੁੱਛੇ ਗਏ ਸਵਾਲਾਂ ਦੇ ਉੱਤਰ ਵੀ ਗੁਰਮਤਿ ਅਨੁਸਾਰ, ਆਪ ਜੀ ਵੱਲੋਂ, ਉਨ੍ਹਾਂ ਨੂੰ ਦਿਤੇ ਜਾਂਦੇ ਸਨ। ਇਸ ਤਰ੍ਹਾਂ ਨਾਲ ਅਧਿਆਤਮਿਕ ਪੱਖ ਤੋਂ ਪ੍ਰਸਪਰ ਪਿਆਰ ਤੇ ਮਿਲਵਰਤਣ ਦਾ ਮਾਹੌਲ ਵੀ ਬਣਿਆ ਰਹਿੰਦਾ ਸੀ। ਐਤਵਾਰ ਛੁੱਟੀ ਵਾਲੇ ਦਿਨ 15 ਸੈਕਟਰ ਦੇ ਗੁਰਦੁਆਰਾ ਸਾਹਿਬ ਵਿਚ ਸਵੇਰੇ ਸਾਢੇ ਤਿੰਨ ਵਜੇ ਸੰਗਤ ਜੁੜਨੀ ਸ਼ੁਰੂ ਹੋ ਜਾਂਦੀ ਸੀ। ਬੀਜੀ ਵੀ, ਬਾਬਾ ਜੀ ਨਾਲ ਪਹਿਲਾਂ ਪੁੱਜ ਕੇ ਹਾਜ਼ਰ ਹੁੰਦੇ ਸਨ। ਹਲਕੀ ਜਿਹੀ ਲਾਈਟ ਵਿਚ ਸਾਰੇ ਸਤਿਸੰਗੀ ਆ ਕੇ ਬੈਠੀ ਜਾਂਦੇ ਅਤੇ ਨਾਮ ਅਭਿਆਸ ਵਿਚ ਬਿਰਤੀਆਂ ਇਕਾਗਰ ਕਰਕੇ ਅਗੰਮੀ ਰਸ ਦੁਆਰਾ ਆਤਮਿਕ ਅਨੰਦ ਮਾਣਦੇ ਸਨ। ਪੰਜ ਵਜੇ ਆਸਾ ਕੀ ਵਾਰ ਸ਼ੁਰੂ ਹੋ ਜਾਂਦੀ, ਸੂਰਜ ਚੜ੍ਹਨ ਤੇ ਸਮਾਪਤੀ ਹੋ ਜਾਂਦੀ ਤੇ ਸਾਰੇ ਆਪੋ ਆਪਣੇ ਘਰੀਂ

ਚਲੇ ਜਾਂਦੇ ਸਨ। ਬਾਬਾ ਜੀ ਦੱਸਿਆ ਕਰਦੇ ਕਿ ਮੈਂ ਇਕਾਂਤ ਵਿਚ ਇਕੱਲਾ ਹੀ ਬੈਠਾ ਰਹਿੰਦਾ ਸੀ ਅਤੇ ਸਭ ਤੋਂ ਬਾਦ ਘਰ ਆਉਂਦਾ ਸੀ। ਇਸ ਤਰ੍ਹਾਂ ਨਾਲ ਭਜਨ-ਬੰਦਗੀ ਦਾ ਨਿਤਨੇਮ ਹਰ ਰੋਜ਼ ਬਣਿਆ ਰਹਿੰਦਾ ਸੀ। ਜਦੋਂ ਵੀ ਕਦੀ ਆਪਸ ਵਿਚ ਮਿਲਦੇ ਤਾਂ ਵਾਧੂ ਐਧਰ-ਉਧਰ ਦੀਆਂ ਗੱਲਾਂ ਨਹੀਂ ਸਗੋਂ ਕੇਵਲ ਨਾਮ ਅਭਿਆਸ ਦੀਆਂ ਹੀ ਗੱਲਾਂ ਕਰਦੇ ਸਨ। ਇਹ ਬਾਬਾ ਜੀ ਦੇ ਆਪਣੇ ਨਿਜੀ ਪ੍ਰੈਕਟੀਕਲ ਜੀਵਨ ਦੀ ਝਲਕ ਸੀ, ਜਿਸ ਤੋਂ ਸਾਰੇ ਪ੍ਰਭਾਵਿਤ ਹੋ ਕੇ ਨਾਮ ਜਪਣ ਲੱਗ ਗਏ ਸਨ।

ਅਨੁਭਵੀ ਗਿਆਨ ਦੀ ਇਕ ਹੋਰ ਵਚਿਤ੍ਰ ਘਟਨਾ ਦਾ ਜ਼ਿਕਰ ਬਾਬਾ ਜੀ ਅਕਸਰ ਕਰਦੇ ਸਨ ਜਿਸ ਨੂੰ ਉਨ੍ਹਾਂ ਨੇ ਆਪ ਕਲਮਬੰਦ ਕਰਕੇ ਇੰਝ ਲਿਖਿਆ ਸੀ - "ਇਕ ਵਾਰੀ ਮੈਂ ਚੰਡੀਗੜ੍ਹ ਦੇ 17 ਸੈਕਟਰ, ਤਹਿਸੀਲ ਦਫਤਰ ਦੇ ਬਾਹਰ ਕਿਸੇ ਕੰਮ ਲਈ ਬੈਠਾ ਸੀ ਤੇ ਉਥੇ ਪੰਜਾਬ ਯੂਨੀਵਰਸਿਟੀ ਦੇ ਤਿੰਨ ਪ੍ਰੋਫੈਸਰ ਮੇਰੇ ਬਰਾਬਰ ਹੀ ਬੈਠੇ ਸੀ, ਉਨ੍ਹਾਂ ਵਿਚ ਇਕ ਹਿੰਦੂ ਤੇ ਦੋ ਸਿੱਖ ਸਨ। ਉਨ੍ਹਾਂ ਵਿਚੋਂ ਇਕ ਪ੍ਰੋਫੈਸਰ ਕਹਿਣ ਲੱਗਿਆ ਕਿ ਸਾਡਾ ਭੱਠਾ ਤਾਂ ਧਰਮ ਨੇ ਬਹਾਇਆ ਹੈ। ਹਿੰਦੋਸਤਾਨ ਦੇ ਅੰਦਰ ਲੋਕਾਂ ਨੂੰ ਸੁਸਤ ਤੇ ਵਹਿਮ ਪ੍ਰਸਤ ਬਣਾ ਦਿਤਾ - ਧਰਮ ਨੇ। ਉਥੇ ਬੈਠੇ-ਬੈਠੇ ਜਦ ਮੈਂ 10 ਕੁ ਮਿੰਟ ਗੱਲਾਂ ਉਨ੍ਹਾਂ ਦੀਆਂ ਸੁਣੀਆਂ ਤਾਂ ਮੈਂ ਬੇਨਤੀ ਕਰੀ ਕਿ ਮੈਨੂੰ ਵੀ ਕੁਝ ਇਜਾਜ਼ਤ ਦੇਵੋਗੇ ਕਿ ਮੈਂ ਬੋਲਾਂ? ਉਹਦੇ ਵਿਚ ਧਰਮ ਦੀ ਹੀ ਗੱਲ ਚੱਲ ਪਈ। ਤਿੰਨ ਘੰਟੇ ਬਚਨ ਹੁੰਦੇ ਗਏ। ਐਨੇ ਨੂੰ ਤਹਿਸੀਲਦਾਰ ਆਉਣ ਵਾਲਾ ਹੋ ਗਿਆ, ਖਬਰ ਹੋ ਗਈ। ਉਸ ਤੋਂ ਬਾਦ ਉਹ ਪ੍ਰੋਫੈਸਰ ਕਹਿਣ ਲੱਗਿਆ ਕਿ ਜਿੰਨਾਂ ਮੈਨੂੰ ਅੱਜ ਅਫਸੋਸ ਤੁਹਾਡੀਆ ਗੱਲਾਂ ਸੁਣ ਕੇ ਹੋਇਆ, ਐਨਾ ਜ਼ਿੰਦਗੀ ਭਰ 'ਚ ਕਦੇ ਨਹੀਂ ਹੋਇਆ ਤੇ ਜਿੰਨਾਂ ਮੈਂ ਅੱਜ ਦੁਖੀ ਹੋਇਆ ਹਾਂ, ਐਨਾ ਕਦੇ ਨਹੀਂ ਹੋਇਆ। ਮੈਂ ਕਿਹਾ ਕੀ ਗੱਲ, ਤੇਰਾ ਦਿਲ ਦੁੱਖ ਗਿਆ? ਕਹਿੰਦਾ ਦਿਲ ਨਹੀਂ ਦੁਖਿਆ, ਮੈਂ ਮਾਸਕੋ (ਰੂਸ) ਪੜ੍ਹ ਕੇ ਆਇਆ ਹੋਇਆ ਹਾਂ, ਐਥੇ ਯੂਨੀਵਰਸਿਟੀ ਵਿਚ ਮੈਂ ਰਸ਼ੀਅਨ ਭਾਸ਼ਾ ਪੜ੍ਹਾਉਂਦਾ ਹਾਂ ਅਤੇ Head of Department Russian language ਹਾਂ। ਮਾਸਕੋ ਤੋਂ ਮੈਂ ਪੂਰਾ ਨਾਸਤਿਕ ਹੋ ਕੇ ਆਇਆ ਸੀ ਤੇ ਮੈਂ ਇਹ ਕਹਿੰਦਾ ਸੀ ਕਿ ਨਾ ਕੋਈ ਰੱਬ ਹੈ, ਨਾ ਕੋਈ ਧਰਮ ਹੈ। ਇਸ ਕਰਕੇ ਅਸੀਂ ਧਰਮ ਦੀਆਂ ਧੱਜੀਆਂ ਉਡਾਉਣ ਲੱਗੇ ਸੀਗੇ ਐਥੇ। ਆਹ, ਤੁਹਾਡੇ ਸਹਿਜ ਸੁਭਾਅ ਦੇ ਬਚਨ ਸੁਣ ਕੇ, ਮੇਰੇ ਮਨ 'ਚ ਇਹ ਅਫਸੋਸ ਹੋਇਆ ਕਿ ਮੈਂ ਅੱਜ ਟੇਪ ਰਿਕਾਰਡ ਨਾ ਲਿਆਇਆ। ਮੈਂ, ਜੇ ਅੱਜ ਤੁਹਾਡੇ ਤਿੰਨ ਘੰਟੇ ਦੇ ਬੋਲੇ ਹੋਏ ਇਹ ਬਚਨ ਰਿਕਾਰਡ ਕਰ ਲੈਂਦਾ ਤਾਂ ਮੈਂ ਇਹ ਮਾਸਕੋ ਭੇਜਣੇ ਸੀਗੇ। ਮੇਰੇ ਮਨ ਵਿਚ ਸਾਰੇ ਸਵਾਲ ਸਨ, ਉਨ੍ਹਾਂ ਦੇ ਜਵਾਬ ਮਿਲ ਗਏ ਤੇ ਜਿਹੜੇ ਸ਼ੰਕੇ ਸੀ, ਉਹ ਨਿਕਲ ਗਏ। ਬਾਬਾ ਜੀ ਕਹਿੰਦੇ ਕਿ ਮੈਂ ਤਾਂ ਹਾਲੇ ਕੇਵਲ ੴ ਦੀ ਵਿਆਖਿਆ ਕੀਤੀ ਸੀ, ਵੱਧ ਨਹੀਂ ਸੀ ਬੋਲਿਆ। ਉਹ ਕਹਿਣ ਲੱਗੇ, ਆਹ ੴ ਜਿਹੜਾ ਤੁਸੀਂ ਦੱਸਿਆ ਹੈ, ਇਹਨੇ ਮੇਰੇ ਸਾਰੇ ਸ਼ੰਕੇ ਤੋੜ ਦਿਤੇ ਤੇ ਮੈਂ ਪੜ੍ਹਿਆ ਲਿਖਿਆ, ਪੱਕੀ ਅਕਲ ਦਾ ਮਾਲਕ ਤੇ ਦੁਨੀਆਂ ਨੂੰ ਨਾਸਤਕ ਬਣਾਉਣ ਵਾਲਾ, ਆਹ ਤਾਲੀਮ ਤਾਂ ਸਾਨੂੰ ਪਤਾ ਹੀ ਨਹੀਂ ਸੀ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਐਨੀਆਂ ਉਚੀਆਂ ਗੱਲਾਂ ਕਹਿ ਦਿਤੀਆਂ। ਫੇਰ ਮੈਨੂੰ ਕਹਿਣ ਲੱਗਿਆ ਕਿ ਦੁੱਖ ਇਸ ਗੱਲ ਦਾ ਹੈ ਕਿ ਤੁਸੀਂ ਅਚਾਨਕ (randam) ਬੋਲੇ ਹੋ, ਕੋਈ ਘੋਟਿਆ ਹੋਇਆ ਇਲਮ ਨਹੀਂ ਬੋਲੇ। ਸਾਡੇ ਹਿਸਾਬ ਨਾਲ ਤੁਸੀਂ ਗੱਲ ਕਰੀ ਹੈ। ਹਿੰਦੂ ਪ੍ਰੋਫੈਸਰ ਕਹਿਣ ਲੱਗਿਆ ਕਿ ਮੈਂ ਰੂਸੀ ਭਾਸ਼ਾ ਵਿਭਾਗ ਦਾ ਮੁਖੀ ਹਾਂ, ਇਹ ਦੋਵੇਂ ਪੰਜਾਬੀ ਭਾਸ਼ਾ ਵਿਭਾਗ ਦੇ ਮੁਖੀ ਹਨ। ਤੁਸੀਂ ਸਾਨੂੰ ਟਾਈਮ ਦਿਓ ਤੇ ਅਸੀਂ ਫਿਰ ਸਾਰਾ ਰਿਕਾਰਡ ਕਰੀਏ। ਮੈਂ ਕਿਹਾ, ਪ੍ਰੋਫੈਸਰ ਸਾਹਿਬ! ਜੋ ਬਚਨ ਇਕ ਵਾਰੀ ਨਿਕਲ ਗਿਆ ਉਹ ਦੁਬਾਰਾ ਨਹੀਂ ਆਇਆ ਕਰਦਾ। ਉਹ ਅਨੁਭਵ ਦੀ ਗੱਲ ਹੋਰ ਹੁੰਦੀ ਹੈ ਲੇਕਿਨ ਇਲਮ ਘੋਟਾ ਲਾਇਆ ਹੋਰ ਹੁੰਦਾ ਹੈ, ਇਹ ਕੁਦਰਤੀ flow ਆ ਰਿਹਾ ਹੁੰਦਾ ਹੈ। ਐਸੇ ਤਰ੍ਹਾਂ ਦੀ ਹਾਲਤ ਪੈਦਾ ਹੋਵੇ, ਐਵੇਂ ਜਿਵੇਂ ਮੈਂ ਸਹਿਜ 'ਚ ਬੈਠਾ ਹੋਵਾਂ ਤੇ ਕੋਈ ਚੋਰੀ ਟੇਪ ਲਾ ਦੇਵੇ ਤਾਂ ਗੱਲ ਬਣ ਜਾਊ। ਜੇ ਮੈਨੂੰ ਪਤਾ ਲਗ ਗਿਆ ਕਿ ਟੇਪ ਲਾਈ ਹੋਈ ਹੈ ਤਾ ਮੈਂ ਸੋਧ ਕੇ ਬੋਲਣ ਲਗ ਜਾਵਾਂਗਾ ਕਿਉਂਕਿ ਰਿਕਾਰਡ ਕੀਤਾ ਜਾ ਰਿਹਾ ਹੈ। ਸੋ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਅਸੀਂ ਨਹੀਂ ਕਰ ਸਕਦੇ, ਅਸੀਂ ਤਾਂ ਐਨੇ ਅਨਜਾਣ ਹਾਂ ਕਿ ਅਸੀਂ ਤਾਂ ਅਜੇ, ੳ, ਅ ਵਿਚ ਵੀ ਦਾਖਲ ਨਹੀਂ ਹੋਏ। ਸਿੱਖੀ ਦਾ ਅਸੀਂ ਪ੍ਰਚਾਰ ਨਹੀਂ ਕਰ ਸਕੇ।"

ਐਸੇ ਗੁਰਮੁਖ ਸੰਸਾਰ ਵਿਚ ਵਿਰਲੇ ਹੀ ਹੁੰਦੇ ਹਨ ਜੋ ਹਰ ਵੇਲੇ ਆਪਣੀ ਪ੍ਰੀਤ ਗੁਰੂ ਨਾਲ ਜੋੜਦੇ ਹਨ ਅਤੇ ਸਾਥੀਆਂ ਨੂੰ ਵੀ ਜੋੜਨ ਦਾ ਪਰਉਪਕਾਰ ਕਰਦੇ ਹਨ ਕਿਉਂਕਿ ਗੁਰੂ ਦੀ ਮੱਤ ਅਨੁਸਾਰ ਕੋਈ ਵਿਰਲਾ ਹੀ ਚਲਦਾ ਹੈ ਨਹੀਂ ਤਾਂ ਸਭ ਵਿਹਾਰੀ ਹੁੰਦੇ ਹਨ।

*ਕਿਰਸਾਣੀ ਕਿਰਸਾਣ ਕਰਿ*
*ਖੇਤ ਬੀਜਿ ਸੁਖ ਫਲੁ ਨ ਲਹੰਦੇ।*
*ਵਣਜੁ ਕਰਨਿ ਵਾਪਾਰੀਏ*
*ਲੈ ਲਾਹਾ ਨਿਜ ਘਰਿ ਨ ਵਸੰਦੇ।*
*ਚਾਕਰੁ ਕਰਿ ਕਰਿ ਚਾਕਰੀ*
*ਹਉਮੈ ਮਾਰਿ ਨ ਸੁਲਹ ਕਰੰਦੇ।*
*ਪੁੰਨ ਦਾਨ ਚੰਗਿਆਈਆ ਕਰਿ*
*ਕਰਿ ਕਰਤਬ ਥਿਰੁ ਨ ਰਹੰਦੇ।*
*ਰਾਜੇ ਪਰਜੇ ਹੋਇਕੈ ਕਰਿ*
*ਕਰਿ ਵਾਦੁ ਨ ਪਾਰਿ ਪਵੰਦੇ।*
*ਗੁਰ ਸਿਖ ਸੁਣਿ ਗੁਰਸਿਖ ਹੋਇ*
*ਸਾਧ ਸੰਗਤਿ ਕਰ ਮੇਲ ਮਿਲੰਦੇ।* *ਭਾਈ ਗੁਰਦਾਸ ਜੀ*

ਕਿਰਸਾਨ ਆਪਣੇ ਲਾਹੇ ਦੀ ਖੇਤੀ ਲਈ ਬੀਜ ਬੀਜਦਾ ਹੈ ਪਰ ਆਤਮਿਕ ਸੁਖ ਨਹੀਂ ਲੈਂਦਾ। ਵਾਪਾਰੀ ਵੀ ਆਪਣਾ ਨਫਾ ਖੱਟਣ ਦੇ ਆਹਰ ਵਿਚ ਰਹਿੰਦਾ ਹੈ ਪਰ ਆਪਣੇ ਨਿਜ ਸਰੂਪ ਦੀ ਪਹਿਚਾਣ ਨਹੀਂ ਕਰਦਾ। ਨੌਕਰੀ ਵਾਲਾ ਨੌਕਰੀ ਦੀ ਕਾਰ ਵਿਚ ਰੁਝਿਆ ਰਹਿੰਦਾ ਹੈ ਪਰ ਆਪਣੀ ਹਉਮੈ ਨੂੰ ਮਾਰ ਕੇ ਪ੍ਰਭੂ ਨਾਲ ਮੇਲ ਕਰਨ ਦਾ ਯਤਨ ਨਹੀਂ ਕਰਦਾ। ਪੁੰਨ ਦਾਨ ਤੇ ਭਲਾਈ ਕਰਨ ਵਾਲੇ ਵੀ ਅਚੱਲ ਮੱਤ ਧਾਰਨ ਨਹੀਂ ਕਰਦੇ। ਰਾਜੇ ਤੇ ਪਰਜਾ ਵੀ ਆਪਣੀ ਲੜਾਈਆਂ-ਝਗੜਿਆਂ ਵਿਚ ਪਏ ਰਹਿੰਦੇ ਹਨ। ਜਿਹੜੇ ਗੁਰੂ ਦੀ ਸਿਖਿਆ ਸੁਣ ਕੇ ਗੁਰਸਿੱਖ ਬਣਦੇ ਹਨ, ਉਹ ਸਤਿਸੰਗਤ ਕਰਕੇ ਗੁਰੂ ਨਾਲ ਮਿਲਦੇ ਹਨ। ਗੁਰੂ ਦੀ ਮੱਤ ਤੇ ਚੱਲਣ ਵਾਲੇ ਵਿਰਲੇ ਹੀ ਹੋਇਆ ਕਰਦੇ ਹਨ।

ਦਫਤਰ ਦਾ ਸਮਾਂ ਭਾਵੇਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਦਾ ਸੀ ਪਰ ਆਪ ਜੀ ਅਕਸਰ ਰਾਤ ਦੇ 10 ਵਜੇ ਤੱਕ ਤੇ ਕਈ ਵਾਰੀ ਰਾਤ ਦੇ 12 ਵਜੇ ਵੀ ਤੱਕ ਵੀ ਕੰਮ ਕਰਦੇ ਰਹਿੰਦੇ ਸਨ। ਆਪ ਜੀ ਕੋਈ ਫਾਈਲ ਨੂੰ ਕਲ੍ਹ ਲਈ, ਨਹੀਂ ਸੀ ਰੱਖਦੇ, ਸਾਰਾ ਕੰਮ ਭੁਗਤਾ ਕੇ ਆਉਂਦੇ ਸਨ। ਇਸ ਗੱਲੋਂ ਆਪ ਦੇ ਸਾਥੀ ਤੇ ਛੋਟੇ ਅਫਸਰ ਵੀ ਨਰਾਜ਼ ਸਨ ਕਿ ਆਪ ਇਤਨਾ ਕੰਮ ਕਿਉਂ ਕਰਦੇ ਹੋ? ਪਰ ਆਪ ਜੀ ਦੀ ਮਿਹਨਤ ਤੇ ਨਿਸ਼ਟਾ ਤੋਂ ਵੱਡੇ ਅਫਸਰ ਕਮਿਸ਼ਨਰ ਵਗੈਰਾ ਬਹੁਤ ਖੁਸ਼ ਸਨ ਤੇ ਉਨ੍ਹਾਂ ਵੱਲੋਂ ਆਪ ਨੂੰ ਪ੍ਰਸੰਸਾ ਪੱਤਰ ਵੀ ਮਿਲੇ ਹੋਏ ਸਨ। ਆਪ ਜੀ ਦੱਸਿਆ ਕਰਦੇ ਕਿ ਮੈਥੋਂ ਜਦੋਂ ਵੀ ਕੋਈ ਅਫਸਰ ਪੁੱਛਦਾ ਕਿ ਤੁਸੀਂ ਵਾਧੂ ਸਮਾਂ ਲਗਾ ਕੇ ਇਤਨੀ ਮਿਹਨਤ ਕਿਉਂ ਕਰਦੇ ਹੋ ਜਦ ਕਿ ਤੁਹਾਡੇ ਸਾਥੀ 5 ਵਜੇ ਛੁੱਟੀ ਕਰਕੇ ਚਲੇ ਜਾਂਦੇ ਹਨ? ਮੇਰਾ ਇਕੋ ਜਵਾਬ ਹੁੰਦਾ ਕਿ ਮੇਰੇ ਲਈ ਮੇਰਾ ਦਫਤਰ ਗੁਰਦੁਆਰੇ ਵਾਂਗ ਹੈ। ਪਤਾ ਨਹੀਂ ਕਿਹੜੀ ਫਾਈਲ ਵਿਚ ਸਮਾਜ ਤੇ ਜਨਤਾ ਦੀ ਭਲਾਈ ਦੇ ਅੱਖਰ ਛੁਪੇ ਪਏ ਹਨ ਉਨ੍ਹਾਂ ਨੂੰ ਮੰਤਰੀਆਂ ਤੇ ਅਫਸਰਾਂ ਦੇ ਸਨਮੁਖ ਲਿਆਉਣਾ ਮੇਰਾ ਫਰਜ਼ ਹੈ। ਤਾਂਕਿ ਸਮੇਂ ਸਿਰ ਯੋਗ ਕਾਰਵਾਈ ਦੁਆਰਾ ਉਸ ਦਾ ਲਾਭ ਪੰਜਾਬ ਦੇ ਲੋਕਾਂ ਨੂੰ ਹੋ ਜਾਵੇ ਜਿਸ ਨਾਲ ਸੂਬੇ ਵਿਚ ਖੁਸ਼ਹਾਲੀ ਤੇ ਤਰੱਕੀ ਹੋ ਸਕੇ। ਸੋ ਇਸ ਤਰ੍ਹਾਂ ਨਾਲ ਜਦੋਂ ਲੇਟ ਰਾਤ ਨੂੰ ਘਰ ਪਹੁੰਚਦੇ, ਬੀਜੀ ਨੇ ਕਦੀ ਵੀ ਮੱਥੇ ਵੱਟ ਨਹੀਂ ਪਾਇਆ, ਨਾ ਹੀ ਕਦੇ ਪੁੱਛਿਆ ਕਿ ਤੁਸੀਂ ਲੇਟ ਕਿਉਂ ਆਉਂਦੇ ਹੋ ਕਿਉਂਕਿ ਉਹ ਭਲੀ ਭਾਂਤ ਜਾਣਦੇ ਸਨ ਕਿ ਆਪ ਜੀ ਸੇਵਾ ਤੇ ਸਿਮਰਨ ਦੀ ਅਦੁੱਤੀ ਮਿਸਾਲ ਹਨ। ਇਹ ਉਨ੍ਹਾਂ ਦੀ ਸੇਵਾ-ਸਮਰਪਣ ਤੇ ਮਿੱਠ ਬੋਲੜੇ ਸੁਭਾਅ ਦਾ ਅਸਰ ਸੀ, ਬੀਜੀ ਉਸੇ ਵੇਲੇ ਤਾਜ਼ਾ ਪ੍ਰਸ਼ਾਦਾ ਤਿਆਰ ਕਰੇ ਛਕਾਇਆ ਕਰਦੇ ਸਨ। ਬੀਜੀ ਦੱਸਿਆ ਕਰਦੇ ਸਨ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਕਿਸਮ ਦੀ ਸ਼ਿਕਾਇਤ ਜਾਂ ਰੋਸ ਦਾ ਪ੍ਰਗਟਾਵਾ ਨਹੀਂ ਕੀਤਾ ਬਲਕਿ ਉਨ੍ਹਾਂ ਦੀ ਸੇਵਾ ਕਰਕੇ ਖੁਸ਼ੀ ਤੇ ਆਤਮਿਕ ਅਨੰਦ ਮਿਲਦਾ ਸੀ। ਉਹ ਹਰ ਤਰ੍ਹਾਂ ਖਿੜੇ ਮੱਥੇ ਨਾਲ ਬੱਚਿਆਂ ਦੇ ਪਾਲਣ-ਪੋਸਣ ਤੇ ਘਰ-ਗ੍ਰਹਿਸਤੀ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿਚ ਲੱਗੇ ਰਹਿੰਦੇ ਸਨ। ਥੋੜ੍ਹੀ ਤਨਖਾਹ ਵਿਚ ਘਰ ਦੇ ਸਾਰੇ ਖਰਚਿਆਂ ਨੂੰ ਸੰਕੋਚ ਕੇ ਕਰਨਾ ਤੇ ਸੰਤੋਖ ਨਾਲ ਨਿਰਬਾਹ ਕਰਨਾ, ਇਹ ਬੀਜੀ ਦੇ ਸ੍ਰੇਸ਼ਟ ਗ੍ਰਹਿਣੀ ਹੋਣ ਦਾ ਪ੍ਰਤੀਕ ਸੀ।

ਦਫਤਰ ਦੀਆਂ ਜ਼ਿੰਮੇਵਾਰੀਆਂ ਤੋਂ ਇਲਾਵਾ ਚੰਡੀਗੜ੍ਹ ਵਿਚ ਸਿੱਖ ਵਿਦਿਅਕ ਅਦਾਰਿਆਂ ਨੂੰ ਸਥਾਪਿਤ ਕਰਨ ਦਾ ਵੀ ਮਹਾਂਪੁਰਖ (ਸੰਤ ਵਰਿਆਮ ਸਿੰਘ ਜੀ) ਦਾ ਬਹੁਤ ਵੱਡਾ ਯੋਗਦਾਨ ਹੈ। 19 ਸੈਕਟਰ ਗੁਰਦੁਆਰਾ ਸਾਹਿਬ ਵੱਲੋਂ ਸ੍ਰੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਕਾਇਮ ਕੀਤਾ ਜੋ ਅੱਜ ਕੱਲ੍ਹ 30 ਸੈਕਟਰ ਵਿਚ ਚਲ ਰਿਹਾ ਹੈ। ਇਸੇ ਤਰ੍ਹਾਂ ਗੁਰਦੁਆਰਾ ਕਮੇਟੀ ਨੂੰ ਸੁਝਾਅ ਦੇ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸੈਕਟਰ 26 ਵਿਚ ਕਾਇਮ ਕੀਤਾ ਗਿਆ। ਇਨ੍ਹਾਂ ਵਿਦਿਅਕ ਸੰਸਥਾਵਾਂ ਦੇ ਬਨਾਉਣ ਲਈ ਆਪ ਜੀ ਨੇ ਕਮੇਟੀ ਮੈਂਬਰਾਂ ਨਾਲ ਮਿਲ ਕੇ ਬੜੀ ਮਿਹਨਤ ਨਾਲ ਘਰ-ਘਰ ਜਾ ਕੇ ਫੰਡ ਇਕੱਠੇ ਕੀਤੇ, ਜਿਸ ਨਾਲ ਇਹ ਅਦਾਰੇ ਵਿਦਿਆ ਦੇ ਖੇਤਰ ਵਿਚ ਸਹੂਲਤਾਂ ਪ੍ਰਦਾਨ ਕਰਦੇ ਹੋਏ, ਅੱਜ ਵੀ ਬੜੀ ਸਫਲਤਾ ਨਾਲ ਫਰਜ਼ ਨਿਭਾ ਰਹੇ ਹਨ।

*'ਚਲਦਾ.............।'*

# ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

*ਡਾ. ਇੰਦਰਜੀਤ ਸਿੰਘ ਗੋਗੋਆਣੀ*

*ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥*
*ਅਰਜਨ ਕਾਇਆ ਪਲਟਿ ਕੈ*
*ਮੂਰਤਿ ਹਰਿਗੋਬਿੰਦ ਸਵਾਰੀ॥*
*ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ॥*
*ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁਤ ਪਰਉਪਕਾਰੀ॥*
*ਭਾਈ ਗੁਰਦਾਸ ਜੀ*

ਭਾਵ ਅਰਥ – * ਛੇਵੇਂ ਪਾਤਸ਼ਾਹ ਜੀ ਨੇ ਪੰਜ ਪਿਆਲੇ (ਸਤ, ਸੰਤੋਖ, ਦਇਆ, ਧਰਮ, ਧੀਰਜ ਦੇ ਪੀਤੇ) ਤੇ ਇਹ ਬਖਸ਼ਿਸ਼, ਪੰਜ ਪੀਰ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ) ਤੋਂ ਪ੍ਰਾਪਤ ਹੋਈ। ਹੁਣ ਛਠਮ ਪੀਰ – (ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਗੁਰ ਭਾਰੀ (ਵੱਡੇ ਤੇਜ ਪ੍ਰਤਾਪ ਵਾਲੇ) ਮੀਰੀ-ਪੀਰੀ ਦੀਆਂ ਤੇਗਾਂ ਪਹਿਨ ਕੇ ਗੁਰਤਾ ਗੱਦੀ ਉਪਰ ਸੁਭਾਇਮਾਨ ਹੋਏ।

* ਇਹ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਕਾਇਆਂ (ਸਰੀਰ) ਬਦਲ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਰੂਪ ਧਾਰਨ ਕਰ ਲਿਆ।

* ਹੁਣ ਸੋਢੀਆਂ ਦੀ ਪੀੜ੍ਹੀ ਅੱਗੇ ਤੁਰ ਪਈ ਤੇ ਗੁਰੂ ਸਾਹਿਬਾਨ ਵਾਰੋ ਵਾਰੀ ਆਪਣਾ ਰੂਪ ਦਿਖਾਵਣਗੇ ਭਾਵ ਵੱਖ-ਵੱਖ ਜਾਮਿਆਂ ਵਿਚ ਕਲਾ ਵਰਤਾਉਣਗੇ।

* ਚੌਥੀ ਪੰਕਤੀ ਵਿਚ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਲਿਭੰਜਨ (ਦੁਸ਼ਮਣ ਦੇ ਦਲਾਂ ਨੂੰ ਤੋੜਨ ਵਾਲੇ) ਸੂਰਮੇ, ਵੱਡੇ ਯੋਧੇ ਅਤੇ ਸੰਸਾਰ ਨੂੰ ਸੱਚੇ ਧਰਮ ਦਾ ਉਪਦੇਸ਼ ਦੇਣ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਹਨ।

ਸੰਖੇਪ ਜੀਵਨ ਦਰਸ਼ਨ – ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਮਾਤਾ – ਮਾਤਾ ਗੰਗਾ ਜੀ

ਪਿਤਾ – ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਕਾਸ਼ – 19 ਜੂਨ 1595 ਈ.

ਸਥਾਨ – ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ

ਸੁਪਤਨੀਆਂ – ਸ੍ਰੀ ਦਮੋਦਰੀ ਜੀ, ਸ੍ਰੀ ਨਾਨਕੀ ਜੀ, ਸ੍ਰੀ ਮਹਾਂਦੇਵੀ ਜੀ

ਸੰਤਾਨ – ਬਾਬਾ ਗੁਰਦਿੱਤਾ ਜੀ, ਸੂਰਜ ਮੱਲ ਜੀ, ਅਣੀ ਰਾਇ ਜੀ, ਅਟੱਲ ਰਾਇ ਜੀ, (ਸ੍ਰੀ ਗੁਰੂ) ਤੇਗ ਬਹਾਦਰ ਜੀ (ਪੰਜ ਸੁਪੱਤਰ) ਅਤੇ ਬੀਬੀ ਵੀਰੋ ਜੀ (ਸਪੁੱਤਰੀ)

ਗੁਰੂ ਕਾਲ – 25 ਮਈ 1606 ਈ. ਤੋਂ 3 ਮਾਰਚ 1644 ਈ.

ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨ ਕੇ, ਪੀਰੀ (ਭਗਤੀ) ਤੇ ਮੀਰੀ (ਸ਼ਕਤੀ) ਭਾਵ ਧਰਮ ਤੇ ਰਾਜਨੀਤੀ ਦਾ ਸੁਮੇਲ ਕੀਤਾ। ਧਰਮ ਤੇ ਸਵੈਮਾਣ ਦੀ ਰੱਖਿਆ ਲਈ ਸਿੱਖ ਫੌਜ ਤਿਆਰ ਕੀਤੀ। ਕੌਮ ਨੂੰ ਏਕਤਾ ਵਿਚ ਪਰੋ ਕੇ ਅਜ਼ਾਦ ਹਸਤੀ ਦ੍ਰਿੜ੍ਹ ਕਰਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ। ਅੰਮ੍ਰਿਤਸਰ ਵਿਖੇ ਲੋਹਗੜ੍ਹ ਨਾਉਂ ਦਾ ਕਿਲ੍ਹਾ ਬਣਵਾਇਆ ਅਤੇ ਕੌਲਸਰ ਤੇ ਬਿਬੇਕਸਰ-ਸਰੋਵਰ ਬਣਵਾਏ। ਜਬਰ ਜ਼ੁਲਮ ਨਾਲ ਜੂਝਦਿਆਂ ਚਾਰ ਧਰਮ ਯੁੱਧ ਕੀਤੇ ਤੇ ਚੌਹਾਂ ਵਿਚ ਫ਼ਤਹਿ ਪਾਈ। ਅਨੇਕਾਂ ਨਗਰ ਵਸਾਏ ਅਤੇ ਸਿੱਖੀ ਦੇ ਪ੍ਰਚਾਰ ਲਈ ਦੂਰ-ਦੂਰ ਤਕ ਯਾਤਰਾ ਕੀਤੀ।

ਜੋਤੀ ਜੋਤ – 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ

ਕੁੱਲ ਉਮਰ (ਸਰੀਰਕ) – 48 ਸਾਲ 8 ਮਹੀਨੇ 15 ਦਿਨ

## (ੳ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼, ਬਾਲ-ਅਵਸਥਾ ਤੇ ਵਿਦਿਆ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ 1579 ਈ. ਨੂੰ ਪਿੰਡ ਮਉ, ਜ਼ਿਲ੍ਹਾ ਜਲੰਧਰ ਦੇ ਵਾਸੀ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਗੰਗਾ ਦੇਵੀ ਜੀ ਨਾਲ ਹੋਈ। ਤਕਰੀਬਨ 15 ਸਾਲ ਬੀਤ ਗਏ, ਪਰ ਆਪ ਦੇ ਘਰ ਸੰਤਾਨ ਨਹੀਂ ਸੀ ਹੋਈ। ਆਪ ਦਾ ਵੱਡਾ ਭਾਈ ਪ੍ਰਿਥੀ ਚੰਦ ਇਹ ਸਮਝਦਾ ਸੀ ਕਿ ਗੁਰੂ ਜੀ ਦੇ ਘਰ ਕੋਈ ਪੁੱਤਰ ਨਹੀਂ, ਇਸ ਲਈ ਮੇਰਾ ਪੁੱਤਰ ਹੀ ਗੁਰਗੱਦੀ ਦਾ ਵਾਰਸ ਹੋਵੇਗਾ।

ਪ੍ਰਿਥੀ ਚੰਦ ਦੀ ਸੁਪਤਨੀ ਬੀਬੀ ਕਰਮੋ ਨੇ ਤਾਂ ਇਕ ਦਿਨ ਮਾਤਾ ਗੰਗਾ ਜੀ ਨੂੰ ਪੁੱਤਰ ਨਾ ਹੋਣ ਦਾ ਮੇਹਣਾ ਵੀ ਮਾਰਿਆ।

ਮਾਤਾ ਗੰਗਾ ਜੀ ਨੇ ਪੰਚਮ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਆਪ ਸੰਸਾਰ ਨੂੰ ਬਖਸ਼ਿਸ਼ਾਂ ਕਰਦੇ ਹੋ, ਸਭ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਪਰ ਸਾਨੂੰ ਸੰਤਾਨ ਦੀ ਦਾਤ ਕਦੋਂ ਪ੍ਰਾਪਤ ਹੋਵੇਗੀ। ਇਹ ਸੁਣ ਕੇ ਗੁਰੂ ਜੀ ਨੇ ਫੁਰਮਾਇਆ ਕਿ ਬਾਬਾ ਬੁੱਢਾ ਜੀ ਸ੍ਰੀ ਗੁਰੂ ਨਾਨਕ ਘਰ ਦੇ ਭਜਨ ਬੰਦਗੀ ਵਾਲੇ ਮਹਾਂਪੁਰਖ ਹਨ। ਉਹਨਾਂ ਦੀ ਸੇਵਾ ਕਰੋ ਤੇ ਪ੍ਰਸੰਨ ਹੋ ਕੇ ਉਹ ਬਖਸ਼ਿਸ਼ ਕਰਨਗੇ। ਇਹ ਗੱਲ ਵੀ ਵਿਚਾਰਯੋਗ ਹੈ ਕਿ ਭਾਵੇਂ ਪੰਚਮ ਪਾਤਸ਼ਾਹ ਜੀ ਸਰਬ ਸਮਰੱਥ ਸਨ, ਪਰ ਕਈ ਵਾਰ ਗੁਰੂ ਕਲਾ ਵਰਤਦੀ ਹੈ ਕਿ ਬੰਦਗੀ ਵਾਲੀਆਂ ਰੂਹਾਂ ਨੂੰ ਪ੍ਰਗਟ ਕਰਨਾ ਹੁੰਦਾ ਹੈ। ਇਥੇ ਪੰਚਮ ਪਾਤਸ਼ਾਹ ਜੀ ਅਜਿਹੀ ਕਲਾ ਹੀ ਵਰਤਾ ਰਹੇ ਸਨ ਅਤੇ ਸਾਧ ਬਚਨ ਦੀ ਸ਼ਕਤੀ ਪ੍ਰਗਟ ਹੋਣੀ ਸੀ।

ਪੰਚਮ ਪਾਤਸ਼ਾਹ ਜੀ ਦੀ ਆਗਿਆ ਪਾ ਕੇ ਮਾਤਾ ਗੰਗਾ ਜੀ ਨੇ ਮਿੱਸੇ ਪ੍ਰਸ਼ਾਦੇ, ਗੰਢੇ, ਲੱਸੀ, ਮੱਖਣ ਆਦਿ ਸ਼ਰਧਾ ਨਾਲ ਤਿਆਰ ਕੀਤੇ ਅਤੇ ਗੁਰੂ ਕੀ ਬੀੜ, ਜੋ ਅੰਮ੍ਰਿਤਸਰ ਤੋਂ ਵੀਹ ਕੁ ਕਿਲੋਮੀਟਰ ਦੀ ਦੂਰੀ ਸੀ, ਉਥੇ ਪਹੁੰਚ ਗਏ। ਉਸ ਸਮੇਂ ਬਾਬਾ ਬੁੱਢਾ ਜੀ ਦੀ ਉਮਰ 75 ਸਾਲ ਦੇ ਕਰੀਬ ਸੀ। ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ ਅਤੇ ਜਿਵੇਂ ਇਕ ਪਿਤਾ ਆਪਣੀ ਬੱਚੀ ਨੂੰ ਅਸ਼ੀਰਵਾਦ ਦਿੰਦਾ ਹੈ, ਇਸੇ ਤਰ੍ਹਾਂ ਬਾਬਾ ਬੁੱਢਾ ਜੀ ਨੇ ਬਚਨ ਕੀਤਾ ਕਿ ਗੰਗਾ ਜੀ! ਆਪ ਦੇ ਘਰ ਪ੍ਰਮਾਤਮਾ ਅਜਿਹਾ ਮਹਾਂਬਲੀ ਪੁਰਖ ਭੇਜੇਗਾ ਜੋ ਦੁਸ਼ਟਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਅਸੀਂ ਗੰਢਾ ਭੰਨਿਆ ਹੈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਸੰਬੋਧਨ ਹੁੰਦਿਆਂ ਫੁਰਮਾਇਆ, 'ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ।''

ਇਹ ਸਾਧ ਬਚਨ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ ਅਤੇ ਖੁਸ਼ੀ ਭਰੇ ਹਿਰਦੇ ਨਾਲ ਅੰਮ੍ਰਿਤਸਰ ਪਹੁੰਚੇ।

ਸੰਨ 1595 ਵਿਚ ਮਾਝੇ ਦੇ ਇਲਾਕੇ 'ਚ ਬਹੁਤ ਸਖਤ ਔੜ ਕਾਰਨ ਕਾਲ ਪੈ ਗਿਆ। ਪੰਚਮ ਪਾਤਸ਼ਾਹ ਜੀ ਕਾਲ ਪੀੜਤਾਂ ਦੀ ਸਹਾਇਤਾ ਲਈ ਪਿੰਡ-ਪਿੰਡ ਪਹੁੰਚ ਰਹੇ ਸਨ। ਉਸ ਸਮੇਂ ਸਤਿਗੁਰਾਂ ਦਾ ਨਿਵਾਸ ਆਪਣੇ ਪਰਿਵਾਰ ਸਮੇਤ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਛੇ ਕੁ ਮੀਲ ਦੀ ਵਿੱਥ 'ਤੇ ਛੋਟੇ ਜਿਹੇ ਪਿੰਡ ਵਡਾਲੀ ਵਿਖੇ ਸੀ। ਅਕਾਲ ਪੁਰਖ ਨੇ ਮਿਹਰ ਕੀਤੀ ਅਤੇ ਬਾਬਾ ਬੁੱਢਾ ਜੀ ਦੀ ਅਰਦਾਸ ਪੂਰੀ ਹੋਈ। ਇਥੇ ਹੀ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 19 ਜੂਨ 1595 ਈ. ਨੂੰ ਹੋਇਆ। ਸਤਿਗੁਰਾਂ ਦਾ ਪ੍ਰਕਾਸ਼ ਸਥਾਨ ਹੋਣ ਕਰਕੇ ਹੁਣ ਇਹ ਪਿੰਡ ਗੁਰੂ ਕੀ ਵਡਾਲੀ ਕਰਕੇ ਜਾਣਿਆ ਜਾਂਦਾ ਹੈ। ਪੰਚਮ ਪਾਤਸ਼ਾਹ ਜੀ ਨੇ ਸਾਹਿਬਜ਼ਾਦੇ ਦੇ ਜਨਮ ਦੀ ਖੁਸ਼ੀ ਵਿਚ '***ਸਤਿਗੁਰ ਸਾਚੈ ਦੀਆ ਭੇਜਿ***' ਸ਼ਬਦ ਉਚਾਰ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਸ ਸਮੇਂ ਲੋਕਾਂ ਦੀ ਲੋੜ ਨੂੰ ਮੁਖ ਰੱਖ ਕੇ ਸਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਸਤਿਗੁਰਾਂ ਨੇ ਛੇ ਹਰਟਾਂ ਵਾਲਾ ਖੂਹ ਲਗਵਾਇਆ ਜੋ ਅੱਜ ਇਕ ਵੱਡਾ ਕਸਬਾ ਛੇਹਰਟਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

ਬਾਲ ਹਰਿਗੋਬਿੰਦ ਜੀ ਦੀ ਉਮਰ ਦੇ ਪਹਿਲੇ ਸਾਲ ਅੰਮ੍ਰਿਤਸਰ ਦੇ ਲਹਿੰਦੇ ਪਾਸੇ ਦੇ ਪਿੰਡਾਂ ਵਿਚ ਹੀ ਬੀਤੇ। ਉਧਰ ਪੰਚਮ ਪਾਤਸ਼ਾਹ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ ਤੇ ਉਸ ਦੀ ਪਤਨੀ ਕਰਮੋ, ਈਰਖਾ ਵਸ ਬਾਲ ਹਰਿਗੋਬਿੰਦ ਜੀ ਨੂੰ ਖਤਮ ਕਰਨਾ ਚਾਹੁੰਦੇ ਸਨ। ਉਹਨਾਂ ਨੇ ਬੁਰੀ ਨੀਅਤ ਨਾਲ ਕਈ ਖੂਨੀ ਵਾਰ ਕੀਤੇ। ਪਹਿਲਾਂ ਇਕ ਦਾਈ ਨੂੰ ਭੇਜਿਆ, ਜਿਸ ਨੇ ਛਾਤੀ ਉਪਰ ਜ਼ਹਿਰ ਲਾਈ ਹੋਈ ਸੀ। ਬੁਰੀ ਭਾਵਨਾ ਇਹ ਸੀ ਕਿ ਉਹ ਬਾਲ ਨੂੰ ਧੋਖੇ ਨਾਲ ਦੁੱਧ ਪਿਲਾ ਕੇ ਮਾਰ ਦੇਵੇਗੀ, ਪਰ ਜ਼ਹਿਰ ਸਖ਼ਤ ਹੋਣ ਕਰਕੇ ਉਹ ਬੇਹੋਸ਼ ਹੋ ਕੇ ਮਰ ਗਈ। ਫਿਰ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਭੇਜਿਆ ਕਿ ਉਹ ਬਾਲ ਦੇ ਸਾਹਮਣੇ ਸੱਪਾਂ ਦਾ ਤਮਾਸ਼ਾ ਦਿਖਾਵੇਗਾ ਤੇ ਉਸ ਦਾ ਸਿਖਾਇਆ ਸੱਪ ਬਾਲ ਹਰਿਗੋਬਿੰਦ ਨੂੰ ਡੰਗ ਮਾਰੇਗਾ। ਇਸ ਘਟਨਾ ਵਿਚ ਬਾਲ ਹਰਿਗੋਬਿੰਦ ਜੀ ਨੇ ਸੱਪ ਦਾ ਸਿਰ ਆਪਣੀ ਮੁੱਠੀ ਵਿਚ ਘੁੱਟ ਲਿਆ ਤੇ ਸੱਪ ਖਤਮ ਕਰ ਦਿਤਾ। ਜਦ ਇਹ ਵਾਰ ਵੀ ਖਾਲੀ ਗਿਆ ਤਾਂ ਪ੍ਰਿਥੀਏ ਨੇ ਇਕ ਰਸੋਈਏ ਰਾਹੀਂ ਬਾਲ ਹਰਿਗੋਬਿੰਦ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਖਵਾਣਾ ਚਾਹਿਆ। ਇਹ ਵੀ ਭੇਤ ਖੁਲ੍ਹ ਗਿਆ ਤੇ ਉਹ ਰਸੋਈਆ ਪੇਟ ਵਿਚ ਸਖ਼ਤ ਦਰਦ ਹੋਣ ਕਰਕੇ ਮਰ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਚ ਵਿਚਾਰ ਕੇ ਆਪਣੇ ਪਰਿਵਾਰ ਨੂੰ ਵਡਾਲੀ ਤੋਂ ਅੰਮ੍ਰਿਤਸਰ ਬੁਲਾ ਲਿਆ। ਉਸ ਸਮੇਂ ਚੇਚਕ ਦੀ ਬੀਮਾਰੀ ਵੀ ਫੈਲੀ ਹੋਈ ਸੀ। ਇਸ ਬੀਮਾਰੀ ਦਾ ਬਾਲ ਹਰਿਗੋਬਿੰਦ ਜੀ ਉਪਰ ਵੀ ਹੱਲਾ ਹੋਇਆ। ਇਸ ਬੀਮਾਰੀ ਨੂੰ ਅੱਜ ਕਲ੍ਹ ਸਮਾਲ ਪੌਕਸ ਕਿਹਾ ਜਾਂਦਾ ਹੈ ਤੇ ਉਸ ਸਮੇਂ ਸੀਤਲਾ (ਮਾਤਾ) ਦਾ ਕਹਿਰ ਵੀ

ਕਿਹਾ ਜਾਂਦਾ ਸੀ। ਕੁਝ ਲੋਕਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਸੀਤਲਾ ਦੀ ਪੂਜਾ ਕਰੋ, ਪਰ ਪੰਚਮ ਪਾਤਸ਼ਾਹ ਜੀ ਨੇ ਫੁਰਮਾਇਆ ਕਿ ਉਸ ਇਕ ਅਕਾਲ ਪੁਰਖ ਤੋਂ ਵੱਡੀ, ਹੋਰ ਕੋਈ ਸ਼ਕਤੀ ਨਹੀਂ ਹੈ। ਉਸੇ ਦਾ ਹੀ ਨਾਮ ਜਪੋ, ਸਾਰੇ ਦੁੱਖ ਦੂਰ ਹੋਣਗੇ। ਕੁਝ ਹੀ ਦਿਨਾਂ ਵਿਚ ਬਾਲ ਹਰਿਗੋਬਿੰਦ ਜੀ ਤੰਦਰੁਸਤ ਹੋ ਗਏ। ਪੰਚਮ ਪਾਤਸ਼ਾਹ ਜੀ ਨੇ ਪ੍ਰਭੂ ਦੇ ਸ਼ੁਕਰਾਨੇ ਵਿਚ ਸ਼ਬਦ ਉਚਾਰਿਆ –

*ਸੀਤਲਾ ਤੇ ਰਖਿਆ ਬਿਹਾਰੀ ॥*
*ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥* *ਅੰਗ- ੨੦੦*

ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਿੱਖ ਨੇ ਕਿਸੇ ਵੀ ਦੇਵੀ-ਦੇਵਤੇ ਜਾਂ ਕਬਰ-ਮੜ੍ਹੀ ਨੂੰ ਨਹੀਂ ਮੰਨਣਾ, ਸਗੋਂ ਸਤਿਗੁਰਾਂ ਦੀ ਬਾਣੀ ਉਪਰ ਭਰੋਸਾ ਕਰਕੇ ਸਿਮਰਨ ਕਰਨਾ ਹੈ। ਅਸੀਂ ਇਕ ਅਕਾਲ ਦੇ ਪੁਜਾਰੀ ਹਾਂ ਤੇ ਗੁਰਬਾਣੀ ਤੋਂ ਵੱਡਾ ਹੋਰ ਕੋਈ ਵੀ ਪੂਜਾ ਜਾਂ ਮੰਤਰ ਨਹੀਂ ਹੈ।

ਹੁਣ ਬਾਲ ਹਰਿਗੋਬਿੰਦ ਜੀ ਦੀ ਉਮਰ ਛੇ ਸਾਲ ਦੀ ਹੋ ਚੁੱਕੀ ਸੀ। ਇਸ ਸਮੇਂ ਪੰਚਮ ਪਾਤਸ਼ਾਹ ਜੀ ਦੇ ਪਾਸ ਭਜਨ ਬੰਦਗੀ ਤੇ ਉੱਚੀ ਕਰਨੀ ਵਾਲੇ ਗੁਰਸਿੱਖ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਸਨ। ਪੰਚਮ ਪਾਤਸ਼ਾਹ ਜੀ ਨੇ ਬਾਲ ਹਰਿਗੋਬਿੰਦ ਜੀ ਦੀ ਵਿਦਿਆ ਤੇ ਸਿਖਲਾਈ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਸੌਂਪ ਦਿਤੀ। ਅੱਖਰੀ ਵਿਦਿਆ ਤੇ ਨੀਤੀ ਵਿਦਿਆ ਦੇ ਨਾਲ-ਨਾਲ ਘੋੜ-ਸਵਾਰੀ ਤੇ ਸ਼ਸਤਰਾਂ ਦੀ ਸਿਖਲਾਈ ਵੀ ਬਾਲ ਹਰਿਗੋਬਿੰਦ ਜੀ ਨੂੰ ਦਿਤੀ ਗਈ। ਉਸ ਸਮੇਂ ਮੁਗ਼ਲ ਹਾਕਮਾਂ ਦੀਆਂ ਨੀਤੀਆਂ ਤੋਂ ਵੀ ਸਾਫ ਦਿਸ ਰਿਹਾ ਸੀ ਕਿ ਗੁਰੂ ਘਰ ਦੇ ਉਪਦੇਸ਼ਾਂ ਨਾਲ ਲੋਕਾਂ ਵਿਚ ਆਈ ਜਾਗ੍ਰਤੀ ਨੂੰ ਉਹ ਪਸੰਦ ਨਹੀਂ ਕਰ ਰਹੇ ਸਨ। ਇਸੇ ਲਈ ਸ਼ਸਤਰ ਵਿਦਿਆ ਵਿਚ ਸ੍ਰੀ ਹਰਿਗੋਬਿੰਦ ਜੀ ਦੀ ਮੁਹਾਰਤ ਨੂੰ ਵੇਖ ਕੇ ਬਾਬਾ ਬੁੱਢਾ ਜੀ ਕਹਿ ਦਿਆ ਕਰਦੇ ਸਨ ਕਿ ਇਹ ਜੋਧਾ ਗੁਰੂ ਨਾਨਕ ਦੇ ਘਰ ਦੇ ਦੋਖੀਆਂ ਅਤੇ ਜਬਰ-ਜ਼ੁਲਮ ਦਾ ਨਾਸ਼ ਕਰੇਗਾ। ਸ੍ਰੀ ਹਰਿਗੋਬਿੰਦ ਜੀ ਸਰੀਰਕ ਤੌਰ 'ਤੇ ਬਹੁਤ ਸੁੰਦਰ ਤੇ ਬਲਵਾਨ ਸਨ। ਦਰਸ਼ਨ ਕਰਨ ਵਾਲੇ ਨਿਹਾਲ ਹੋ ਜਾਂਦੇ ਸਨ।

## (ਅ) ਛੇਵੇਂ ਪਾਤਸ਼ਾਹ ਜੀ ਦੀ ਗੁਰਿਆਈ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਤੇ ਸਿੱਖ ਫੌਜ

ਪੰਜਿ ਪਿਆਲੇ ਪੰਜ ਪੀਰ – ਛਠਮੁ ਪੀਰ ਬੈਠਾ ਗੁਰੁ ਭਾਰੀ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 30 ਮਈ 1606 ਈ. ਨੂੰ ਲਾਹੌਰ ਵਿਖੇ ਜਹਾਂਗੀਰ ਬਾਦਸ਼ਾਹ ਦੀ ਤੰਗ-ਦਿਲੀ ਤੇ ਧਾਰਮਿਕ ਕੱਟੜਪੁਣੇ ਕਰਕੇ ਸ਼ਹੀਦ ਹੋ ਗਏ। ਪੰਚਮ ਪਾਤਸ਼ਾਹ ਜੀ ਭਵਿੱਖ ਬਾਰੇ ਪਹਿਲਾਂ ਹੀ ਜਾਣ ਗਏ ਸਨ ਕਿ ਸੱਚਖੰਡ ਵਾਪਸੀ ਦਾ ਸਮਾਂ ਆ ਰਿਹਾ ਹੈ। ਲਾਹੌਰ ਨੂੰ ਜਾਣ ਸਮੇਂ ਆਪ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾ ਗੱਦੀ ਲਈ ਨੀਯਤ ਕਰ ਗਏ ਸਨ। ਇਸ ਦੇ ਨਾਲ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਤਾਕੀਦ ਵੀ ਕੀਤੀ ਕਿ ਬਦਲ ਰਹੇ ਸਮੇਂ ਅਨੁਸਾਰ ਸ਼ਸਤਰਧਾਰੀ ਹੋ ਕੇ ਰਹਿਣਾ, ਕਿਉਂਕਿ ਹੁਣ ਇਸ ਘਰ ਨਾਲ ਤੁਰਕਾਂ ਦੀ ਬਣੇਗੀ ਨਹੀਂ। ਸਤਿਗੁਰਾਂ ਨੇ ਮਹਿਸੂਸ ਕਰ ਲਿਆ ਸੀ ਕਿ ਬਗੈਰ ਸ਼ਸਤਰਾਂ ਦੇ ਸਿੱਖ ਕੌਮ ਲਈ ਠੀਕ ਨਹੀਂ ਹੋਣਗੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਸਾਲ ਦੀ ਸੀ ਜਦ ਉਹ ਆਪਣੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ। ਜਦੋਂ ਗੁਰਿਆਈ ਦਾ ਤਿਲਕ ਲਗਾ ਕੇ ਬਾਬਾ ਬੁੱਢਾ ਜੀ ਨੇ ਉਸ ਸਮੇਂ ਦੀ ਪ੍ਰਚਲਿਤ ਰੀਤੀ ਅਨੁਸਾਰ 'ਸੇਲ੍ਹੀ-ਟੋਪੀ' ਪੇਸ਼ ਕੀਤੀ ਤਾਂ ਛੇਵੇਂ ਪਾਤਸ਼ਾਹ ਜੀ ਨੇ ਬਾਬਾ ਬੁੱਢਾ ਜੀ ਨੂੰ ਸਤਿਕਾਰ ਨਾਲ ਫੁਰਮਾਇਆ ਕਿ ਬਾਬਾ ਜੀ! ਇਹ ਵਸਤਾਂ ਹੁਣ ਤੋਸ਼ੇਖਾਨੇ ਵਿਚ ਸਾਂਭ ਦਿਓ ਅਤੇ ਸਾਨੂੰ ਦਸਤਾਰ, ਕਲਗੀ ਤੇ ਤਲਵਾਰ ਬਖਸ਼ੋ।

ਬਾਬਾ ਬੁੱਢਾ ਜੀ ਨੇ ਪ੍ਰਸੰਨ ਹੋ ਕੇ ਦਸਤਾਰ ਅਤੇ ਕਲਗੀ ਦੇ ਨਾਲ ਸਤਿਗੁਰਾਂ ਨੂੰ ਮੀਰੀ ਤੇ ਪੀਰੀ ਦੀਆਂ ਦੋ ਤੇਗਾਂ ਪਹਿਨਾਈਆਂ। ਮੀਰੀ ਤੋਂ ਭਾਵ ਸੰਸਾਰਕ ਮਾਮਲਿਆਂ ਵਿਚ ਅਗਵਾਈ ਕਰਨ ਵਾਲੀ, ਸ਼ਕਤੀ ਲਈ ਤੇਗ ਸੀ ਅਤੇ ਪੀਰੀ ਤੋਂ ਭਾਵ ਆਤਮਿਕ ਮੰਡਲ ਦੀ ਅਗਵਾਈ ਕਰਨ ਵਾਲੀ ਭਗਤੀ ਲਈ ਤੇਗ ਸੀ। ਇਸੇ ਕਰਕੇ ਛੇਵੇਂ ਪਾਤਸ਼ਾਹ ਹੀ ਨੂੰ ਮੀਰੀ-ਪੀਰੀ ਦੇ ਮਾਲਕ ਕਿਹਾ ਜਾਂਦਾ ਹੈ। ਸਤਿਗੁਰਾਂ ਨੇ ਦਸਤਾਰ ਵੀ ਸ਼ਾਹੀ ਠਾਠ ਵਾਲੀ ਸਜਾਈ ਅਤੇ ਗੁਰਤਾ ਗੱਦੀ ਵੇਲੇ ਅਬਦੁੱਲਾ ਤੇ ਨੱਥ ਮੱਲ ਦੋ ਢਾਡੀਆਂ ਨੇ ਇਹ ਬੀਰ ਰਸ ਭਰਪੂਰ ਵਾਰ ਗਾਇਨ ਕੀਤੀ –

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।

ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।

*'ਚਲਦਾ.........।'*



ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-55)*

ਸ਼ੇਖ ਮਿੱਠਾ ਬੋਲਿਆ -

ਫਕੀਰ ਸਾਂਈਂ! ਕੁਛ ਚਾਨਣਾ ਪਾਓ ਸਾਂਈਂ ਦੇ ਰਾਹ ਉਤੇ?

ਗੁਰੂ ਜੀ - ਸਾਂਈਂ ਸੂਰਜ ਹੈ, ਸਾਂਈ ਦਾ ਨਾਮ, ਉਸ ਸੂਰਜ ਦੀ ਧੁੱਪ, ਉਸੇ ਦਾ ਪ੍ਰਕਾਸ਼ ਹੈ। ਹਾਂ, ਨਾਮ, ਚਾਨਣਾ ਹੈ ਉਸ ਨੂਰੋ ਨੂਰ ਦੇ ਰਸਤੇ ਦਾ।

ਮਿੱਠਾ - ਨਾਉਂ ਇੱਕ ਹੈ ਕਿ ਦੋ?

ਗੁਰੂ ਜੀ - ਉਹ ਆਪ ਇਕ ਹੈ, ਇਕ ਦਾ ਨਾਉਂ ਇਕੋ ਨਾਮ ਹੈ।

ਮਿੱਠਾ - ਤਾਂ ਤੁਸੀਂ ਮਵਾਹਿਦ (ਇਕ ਦੇ ਉਪਾਸਕ) ਹੋ?

ਗੁਰੂ ਜੀ - ਅਸੀਂ ਨਿਰੰਕਾਰ ਦੇ ਹਾਂ।

ਮਿੱਠਾ - ਤਾਂ ਤੁਸੀਂ ਮਵਾਹਿਦ (ਇਕ ਦੇ ਉਪਾਸਕ) ਨਹੀਂ ਹੁੰਦੇ।

ਗੁਰੂ ਜੀ - ਜੋ ਇਕ ਦੇ ਉਪਾਸਕ ਹਨ ਸੋਈ ਮੁਸਲਮਾਨ, ਸੋਈ ਹਿੰਦੂ, ਸੋਈ ਸਭ ਕੁਛ, ਸੋਈ ਕੁਛ ਬੀ ਨਾ।

ਮਿੱਠਾ - ਹੈਂ! ਜੋ ਮਵਾਹਿਦ, ਸੋਈ ਮੋਮਨ, ਸੋਈ ਮੁਸਲਮਾਨ। (ਦਿਲ ਨਾਲ) ਪਰ ਹਾਂ ਸੱਚੀਂ ਮਵਾਹਿਦ ਤਾਂ ਉਹ ਪਰਵਾਨ ਹੈ ਜੋ ਰਸੂਲ ਦਾ ਕਾਇਲ ਹੋਵੇ। (ਫੇਰ ਗੁਰੂ ਜੀ ਨੂੰ) ਹਾਂ ਜੀਓ, ਸਾਂਈ ਜੀਓ! ਤਦ ਤੁਹਾਨੂੰ ਅੱਲਾ ਦੀ ਸੋਝੀ ਤਾਂ ਹੈ, ਪਰ ਦੂਏ ਨਾਮ ਦੀ ਵੀ ਸੋਝੀ ਹੈ ਨੇ?

ਗੁਰੂ ਜੀ - ਨਾਲੇ ਵਾਹਿਦ ਆਖਦੇ ਹੋ, ਨਾਲੇ ਦੂਏ ਦਾ ਪਤਾ ਦੇਂਦੇ ਹੋ, ਦੂਆ ਕੌਣ? ਇਕਾਈ ਦੇ ਘਰ, ਦੂਈ ਦੀ ਗੁੰਜਾਇਸ਼ ਕਿਵੇਂ?

ਮਿੱਠਾ - ਤਾਂ ਤੁਸਾਂ ਜੋਗ ਦੂਜੇ ਨਾਉਂ ਦੀ ਅਜੇ ਸੋਝੀ ਨਹੀਂ ਹੋ ਆਈ।

ਗੁਰੂ ਜੀ - ਦੂਜੇ ਦੀ ਸੋਝੀ ਗਵਾਈਏ ਤਾਂ ਇਕ ਦੀ ਸੋਝੀ ਪੈਂਦੀ ਹੈ। ਇਕ ਵਿਚ ਦੂਏ ਦੀ ਸਮਾਈ ਨਹੀਂ, ਜਦੋਂ ਇਕ ਵਿਚ ਦੂਆ ਰਲਾਈਏ ਤਾਂ ਇਕੇ ਦੀ (ਇਕੰਕਾਰ ਦੀ) ਸੋਝੀ ਕਿਵੇਂ?

*ਗੁਰਮੁਖਿ ਏਕੁ ਵਿਰਲਾ ਕੋ ਲਹੈ॥ ਅੰਗ - ੯੩੦*

ਮਿੱਠਾ - ਫੇਰ ਤੁਸਾਂ ਤੇਤੀ ਕ੍ਰੋੜ ਵਿਚ ਇਕ ਕਿਵੇਂ ਸਿਵਾਤਾ ਸੀ?

ਗੁਰੂ ਜੀ - ਤੇਤੀ ਕ੍ਰੋੜ ਯਾ ਜੋ ਕਹੋ ਸਭ ਉਸੇ ਦੀ ਖੇਲ ਹੈ, ਕ੍ਰੋੜ, ਨੀਲ, ਸੰਖ, ਅਸੰਖ ਸਭ ਸ਼ੁਮਾਰ ਵਿਚ ਹੈ ਤੇ ਸਭ ਉਸਦਾ ਕੀਤਾ ਹੈ। ਓਹ ਇਕ ਬੇਸੁਮਾਰ ਹੈ ਤੇ ਕੀਤੇ ਦਾ ਕਰਤਾ ਹੈ।

ਮਿੱਠਾ - ਠੀਕ ਸਹੀ ਕੀਤਾ ਨੇ, ਪਰ ਉਸ ਏਕੇ ਦਾ ਇਕ ਯਾਰ ਹੈ, ਜਿਸ ਦੀ ਸਿਪਾਰਸ਼ ਤੇ ਛੁੱਟੀਦਾ ਹੈ, ਉਹ ਨਹੀਂ ਜੇ ਸਿਵਾਤਾ?

ਗੁਰੂ ਜੀ - ਦੂਜਾ ਕੌਣ ਹੈ ਉਸ ਏਕੇ ਦੇ ਨਾਲ? ਦੂਜਾ ਕੌਣ ਹੈ ਜਿਸ ਦਾ ਨਾਉਂ ਰਲਦਾ ਹੈ ਉਸ ਏਕੇ ਨਾਉਂ ਦੇ ਨਾਲ? ਸ਼ੇਖ ਜੀ! ਜਦ ਦੂਈ ਆ ਗਈ, ਫਿਰ ਕੀਹ ਦੋ ਤੇ ਕੀਹ ਤੇਤੀ ਕਰੋੜ, ਗਿਣਤੀ ਹੀ ਹੈ ਨਾ, ਜਿਥੋਂ ਤੋੜੀ ਲੈ ਗਏ ਲੈ ਗਏ, ਕੀਤੇ ਦਾ ਸ਼ੁਮਾਰ ਹੈ, ਕਰ ਲਓ।

ਮਿੱਠਾ - ਅੱਵਲ ਨਾਉਂ ਖੁਦਾਇ ਖ਼ਾਲਕ ਪਾਲਕ ਦਾ ਹੈ, ਦੂਜਾ ਨਾਉਂ ਉਸ ਦੇ ਨਬੀ ਰਸੂਲ ਦਾ ਹੈ, ਤੀਜਾ ਹਰਫ ਕਲਮਾ ਹੈ ਜੋ ਉਸ ਨੇ ਦਿਤਾ ਹੈ, ਐਉਂ ਦਰ ਕਬੂਲ ਪਈਦਾ ਹੈ, ਇਸ ਤੋਂ ਅੱਗੇ ਦੀ ਗਿਣਤੀ ਕੁਫ਼ਰ ਹੈ, ਸ਼ਿਰਕ ਹੈ।

ਗੁਰੂ ਜੀ - ਸ਼ੇਖ ਮਿੱਠਾ! ਉਸ ਦਰ ਦੁਇ ਦਾ ਠਓੜ ਨਾਹੀ। ਉਸ ਦਰ, ਉਸ ਘਰ, ਉਸ ਟਿਕਾਣੇ, ਕੁਛ ਕਹਿ ਲਓ? ਇਕੋ-ਇਕ ਹੈ, ਦੂਈ ਓਥੇ ਨਹੀਂ, ਓਥੇ ਇਕੋ ਆਪ ਹੈ।

ਮਿੱਠਾ (ਕੁਛ ਸ਼ਰਮਾ ਕੇ) ਕੀ ਆਖਿਆ ਨੇ?

ਗੁਰੂ ਜੀ - ਨਬੀ ਤੇ ਰਸੂਲ ਸਭ ਕੀਤੇ ਹੋਏ ਹਨ, ਪੀਰ, ਪੈਕਾਂਬਰ, ਰਿਸ਼ੀ, ਮੁਨੀ, ਭਗਤ, ਅਵਤਾਰ ਸਭ ਕੀਤੇ ਹੋਏ ਹਨ ਉਸ ਇਕ ਦੇ। ਉਹ ਸਭਨਾਂ ਨੂੰ ਜਾਣਦਾ ਹੈ ਵੇਖਦਾ ਹੈ, ਪਰ ਉਸ ਨੂੰ ਕੋਈ ਨਹੀਂ ਜਾਣਦਾ ਹੈ, ਵੇਖਦਾ ਹੈ, ਸਭ ਉਸ ਦੀ ਕੁਦਰਤ ਹੈ, ਉਹ ਕਾਦਰ ਕਰਤਾ ਹੈ ਤੇ ਤਾਕ ਹੈ, ਤਾਕੋ ਤਾਕ

ਹੈ, ਇੱਕੋ-ਇਕ ਹੈ। ਜੇ ਦੋ ਹਨ ਤਾ ਤੁਸੀਂ ਹੀ ਸਾਬਤ ਕਰੋ ਕਿ ਦੋ ਕਰਤਾਰ ਤੇ ਕਾਦਰ ਕਿਵੇਂ ਹਨ?

ਮਿੱਠਾ ਘਬਰਾਇਆ, ਇਸ ਦਾ ਜਵਾਬ ਬਣ ਪੈ ਹੀ ਨਹੀਂ ਸੀ ਸਕਦਾ। ਨਬੀ ਨੂੰ ਉਹ ਕਰਤਾ ਤੇ ਕਾਦਰ ਕਹਿ ਨਹੀਂ ਸੀ ਸਦਕਾ, ਸੋ ਗੱਲ ਫੇਰ ਗਿਆ ਤੇ ਆਖਣ ਲੱਗਾ - ਹਿੰਦੂ ਕਿਵੇਂ ਬਹਿਸ਼ਤਾਂ ਨੂੰ ਜਾ ਸਕਦਾ ਹੈ? ਹਿੰਦੂ ਦਾ ਕਲਬੂਤ ਸੜ ਗਿਆ, ਸੁਆਹ ਹੋ ਗਿਆ, ਕਿਆਮਤ ਦੇ ਰੋਜ਼ ਜਦੋਂ ਫਰਿਸ਼ਤਾ ਕਰਨਾ ਫੂਕੇਗਾ ਤਦ ਮੁਸਲਮਾਨਾਂ ਦੇ ਕਲਬੂਤ, ਜੋ ਜਿਮੀਂ ਪਾਸ ਅਮਾਨਤ ਪਏ ਹਨ - ਕਬਰਾਂ ਵਿਚੋਂ ਨਿਕਲ ਆਉਣਗੇ ਤੇ ਬਹਿਸ਼ਤਾਂ ਨੂੰ ਜਾਣਗੇ ਪਰ ਸੁਆਹ ਹੋ ਚੁਕੇ ਹਿੰਦੂ ਕਲਬੂਤ, ਹਾਂ ਸੁਆਹ ਬੀ ਰੁੜ੍ਹ ਚੁਕੀ ਗੰਗਾ ਦੇ ਰਸਤੇ ਸਮੁੰਦਰ ਵਿਚ ਕੀਕੂੰ ਕਲਬੂਤਾ ਨੂੰ ਵਾਪਸ ਘੜ ਕੇ ਦੇਵੇਗੀ, ਸੋ ਹਿੰਦੂ ਤਾਂ ਆਪੇ ਅੱਗ ਵਿਚ ਪੈ ਕੇ ਸੜਦੇ ਹਨ ਤਾਂ ਸਦਾ ਲਈ ਜਹੱਨਮ (ਨਰਕਾਂ) ਵਿਚ ਪਏ ਸੜਦੇ ਰਹਿਣਗੇ।

ਗੁਰੂ ਜੀ (ਮੁਸਕਰਾ ਕੇ) - ਸ਼ੇਖ ਜੀਓ! ਬਹਿਸ਼ਤਾਂ ਵਿਚ ਸਰੀਰਾਂ ਦਾ ਦਾਖਲ ਹੋਣਾ ਪੁਰਾਣੇ ਇਬਰਾਨੀਆਂ ਦਾ ਖਿਆਲ ਤੁਸਾਂ ਨੇ ਲਿਆ ਹੈ। ਉਹਨਾਂ ਦੇ ਭਾਣੇ ਇਹ 'ਸਰੀਰ ਹੀ ਸਦਾ ਜੀਵੇ' ਦਾ ਖਿਆਲ ਬਹਿਸ਼ਤ ਸੀ। ਸਰੀਰ ਦੀ ਮੌਤ ਨੂੰ ਉਨ੍ਹਾਂ ਨੇ ਆਦਮੀ ਦੇ ਗੁਨਾਹ ਦੀ ਸਜ਼ਾ ਸਮਝਿਆ ਸੀ। ਸਰੀਰ ਦਾ ਮੁੜ ਕਿਆਮਤ ਨੂੰ ਜੀਉ ਉੱਠਣਾ ਉਹਨਾਂ ਨੇ ਪਰਮੇਸਰ ਦੀ ਮੁੜ ਬਖਸ਼ਿਸ਼ ਜਾਤਾ ਸੀ, ਜਿਸ ਤੋਂ ਸਾਫ ਪਤਾ ਲਗਦਾ ਹੈ ਕਿ ਉਹਨਾਂ ਨੂੰ ਅਜੇ ਰੂਹ ਦਾ ਪਤਾ ਨਹੀਂ ਸੀ। ਰੂਹ ਨਾ ਦੱਬਿਆ ਖਾਕ ਹੁੰਦੀ ਹੈ, ਨਾ ਸਾੜਿਆਂ ਜਦਕਿ ਸਰੀਰ ਦੋਹਾਂ ਤਰ੍ਹਾਂ ਮਿੱਟੀ ਵਿਚ ਮਿਲ ਜਾਂਦਾ ਹੈ। ਜੇ ਫਰਿਸ਼ਤੇ ਦੀ ਕਰਨਾ ਨੇ ਧੂੜ ਹੋਈ ਦੇਹ, ਅੱਗ ਵਿਚ ਸੜਨਾ ਹੀ ਦੋਜ਼ਖ ਹੈ, ਬੁਰਾ ਹੈ ਤਾਂ ਮੁਸਲਮਾਨ ਦੀ ਦੇਹ ਬੀ ਸੜਦੀ ਹੈ, ਅੱਗ ਵਿਚ ਪੈਂਦੀ ਤੇ।

ਮਿੱਠਾ (ਹੈਰਾਨ ਹੋ ਤੇ ਗੱਲ ਟੁੱਕ ਕੇ) - ਕੀਕੂੰ?

ਗੁਰੂ ਜੀ - ਸੁਣੋ, ਸ਼ੇਖ ਜੀ! ਪੁਰਾਣੀਆਂ ਕਬਰਾਂ ਦੀ ਮਿੱਟੀ ਚੀਕਣੀ ਹੁੰਦੀ ਹੈ, ਸਮੇਂ ਨਾਲ ਕਬਰਾਂ ਦੇ ਨਿਸ਼ਾਨ ਬੀ ਮਿਟ ਜਾਂਦੇ ਹਨ। ਕੁਮ੍ਹਿਆਰ ਲੋਕ ਚੀਕਣੀ ਮਿੱਟੀ ਦੇ ਢੂੰਡਾਊ ਹੁੰਦੇ ਹਨ, ਓਹ ਇਹੋ ਜਿਹੇ ਪੁਰਾਣੇ ਹੋ ਮਿਟੇ ਕਬਰਸਤਾਨਾਂ ਦੀਆਂ ਮਿੱਟੀਆਂ ਲਿਆ ਕੇ ਗੁੰਨ੍ਹਦੇ ਹਨ, ਗੁੰਨ੍ਹਕੇ ਚੱਕ ਉਪਰ ਧਰਦੇ ਹਨ, ਉਸ ਦੇ ਭਾਂਡੇ ਘੜਦੇ ਹਨ। ਕਈ ਸੰਚਿਆਂ ਵਿਚ ਪਾ ਕੇ ਇੱਟਾਂ ਬਣਾਉਂਦੇ ਹਨ, ਉਨ੍ਹਾਂ ਨੂੰ ਧੁੱਪੇ ਸੁਕਾ ਕੇ ਫੇਰ ਆਵਿਆਂ ਤੇ ਆਵੀਆਂ ਵਿਚ ਬੀੜ ਕੇ ਅੱਗ ਦੇਂਦੇ ਹਨ, ਫੇਰ ਉਸ ਕਰੜੀ ਅੱਗ ਵਿਚ ਮੁਸਲਮਾਨ ਦੀ ਮਿੱਟੀ ਬੀ ਬਲਦੀ ਹੈ। ਜੇ ਬਲਨਾ ਹੀ ਪਾਪ ਹੈ ਤਾਂ ਮੁਸਲਮਾਨਾਂ ਦੀ ਮਿੱਟੀ ਵੇਖ ਲਓ ਆਵਿਆਂ ਵਿਚ ਬਲ ਰਹੀ, ਅੰਗਾਰੇ ਝੜ ਰਹੇ ਤੇ ਮਾਨੋਂ ਰੋ-ਰੋ ਕੇ ਕਹਿ ਰਹੀ ਹੈ ਕਿ - ਹਾਇ! ਅੰਤ ਮੈਂ ਬੀ ਸੜੀ ਤੇ ਬੁਰੀ ਤਰ੍ਹਾਂ ਸੜੀ। ਜੇ ਕਰਤਾਰ ਨੇ ਦੋਹਾਂ ਦਾ ਸੜਨਾ ਹੀ ਠਟਿਆ ਸੀ ਤਾਂ ਦੇਖੋ ਹਿੰਦੂ ਦੀ ਮਿੱਟੀ ਬੀ ਸੜੀ ਤੇ ਮੁਸਮਮਾਨ ਦੀ ਬੀ ਸੜੀ, ਪਰ ਸ਼ੇਖ ਜੀ! ਘਬਰਾਓ ਨਹੀਂ, ਕਿਉਂ ਆਪਣੀ ਅਕਲ ਨੂੰ ਕਰਤਾਰ ਦੇ ਕਰਨਿਆਂ ਵਿਚ ਦਖਲ ਦੇਣ ਦੇਂਦੇ ਹੋ? ਚੰਗੀ ਤਰ੍ਹਾਂ ਸੋਚ ਲਓ ਕਿ ਕਿਆਮਤ ਦੇ ਰੋਜ਼ ਸਾਰੇ ਮੁਸਲਮਾਨਾਂ ਦੇ ਕਲਬੂਤ ਕਿਕੂੰ ਉਠਣਗੇ? ਜੇ ਮਿੱਟੀ ਤੇ ਅੱਗ ਨਾਲ ਸੜ ਜਾਣ ਨੇ ਕਰਨਾ ਦੇ ਅਸਰ ਨੂੰ ਗੁਆ ਦੇਣਾ ਹੈ ਤਾ ਹਾਲਤ ਮੁਸਲਮਾਨਾਂ ਦੀ ਬੀ ਹਿੰਦੂਆਂ ਵਾਗੂੰ ਤਰਸ ਜੋਗ ਹੋ ਜਾਏਗੀ।

ਸ਼ੇਖ ਜੀ! ਕਿੱਥੇ ਫਸ ਰਹੇ ਹੋ? ਜਦੋਂ ਦੇਹ ਵਿਚੋਂ ਜੀਉ ਨਿਕਲ ਗਿਆ, ਪਿਛੇ ਖੇਹ ਰਹਿ ਗਈ, ਖੇਹ ਨੂੰ ਅੱਗ ਨਾਲ ਸਾੜ ਕੇ ਕਿ ਮਿੱਟੀ ਵਿਚ ਗਾਲ ਕੇ ਖੇਹ ਕਰ ਦਿਤਾ, ਦੋਵੇਂ ਤਰ੍ਹਾਂ ਉਹ ਖੇਹ ਵਿਚ ਰਲ ਗਈ। ਜੋ ਇਸ ਮੜ੍ਹੋਲੀ ਵਿਚ ਜੀਉਂਦਾ ਜਾਗਦਾ ਵਸਦਾ ਸੀ ਉਹ ਦੋਹਾਂ ਦਾ ਨਿਕਲ ਗਿਆ ਤੇ ਆਪਣੇ ਕਰਮਾਂ ਅਨੁਸਾਰ ਦੁਖ-ਸੁਖ ਵਿਚ ਚਲਾ ਗਿਆ। ਜੋ ਨਾਲ ਜਪ ਗਏ ਸੋ ਨਾਮ ਦੇ ਚਾਨਣੇ ਵਿਚ ਤੁਰੇ ਜਾਂਦੇ ਨੂਰ ਦੇ ਘਰ ਅੱਪੜ ਗਏ। ਤੁਸੀਂ ਸਿਆਣੇ ਹੋ ਕੇ ਕਿੰਨ੍ਹਾਂ ਤੰਗ ਖਿਆਲੀਆਂ ਕਬਰ ਵਿਚ ਜੀਉਂਦੇ ਜੀ ਅਕਲ ਨੂੰ ਘੁੱਟ ਨੱਪ ਰਹੇ ਹੋ?

